Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 177 25/11/2025 www.samajweekly.com samajweekly @samajweekly samajweekly

# ਨਹੀਂ ਰਹੇ ਬਾਲੀਵੁੱਡ ਦੇ ਹੀ ਮੈਨ ਸੁਪਰਸਟਾਰ ਧਰਮਿੰਦਰ 89 ਸਾਲ ਦੀ ਉਮਰ ਵਿੱਚ ਹੋਇਆ ਦਿਹਾਂਤ

**ਮੁੰਬਈੀ।** ਬਾਲੀਵੁੱਡ ਦੇ ਸੁਪਰਸਟਾਰ ਅਤੇ 'ਹੀ ਮੈਨ' ਦੇ ਨਾਂ ਨਾਲ ਮਸ਼ਹੂਰ ਧਰਮਿੰਦਰ ਦਾ 89 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ। ਉਹ ਪਿਛਲੇ ਕੁਝ ਸਮੇਂ ਤੋਂ ਉਮਰ ਸਬੰਧੀ ਬਿਮਾਰੀਆਂ ਨਾਲ ਜੂਝ ਰਹੇ ਸਨ। ਹਾਲ ਹੀ ਵਿੱਚ ਉਨ੍ਹਾਂ ਨੂੰ ਬ੍ਰੀਚ ਕੈਂਡੀ ਹਸਪਤਾਲ ਤੋਂ ਰਿਕਵਰ ਹੋਣ ਤੋਂ ਬਾਅਦ ਛੁੱਟੀ ਮਿਲੀ ਸੀ, ਪਰ ਅੱਜ ਦੁਪਹਿਰ ਅਚਾਨਕ ਉਨ੍ਹਾਂ ਦੀ ਤਬੀਅਤ ਵਿਗੜ ਗਈ ਅਤੇ ਉਨ੍ਹਾਂ ਨੇ ਆਪਣੇ ਘਰ ਵਿੱਚ ਹੀ ਆਖਰੀ ਸਾਹ ਲਿਆ।

ਇਸ ਦੁਖਦਾਈ ਖ਼ਬਰ ਦੇ ਸਾਹ-ਮਣੇ ਆਉਂਦੇ ਹੀ ਪੂਰੀ ਫਿਲਮ ਇੰਡਸਟਰੀ ਵਿੱਚ ਸੋਗ ਦੀ ਲਹਿਰ ਛਾ ਗਈ ਹੈ ਅਤੇ ਪ੍ਰਸ਼ੰਸਕ ਆਪਣੇ ਚਹੇਤੇ ਸਿਤਾਰੇ ਨੂੰ ਸ਼ਰਧਾਂਜਲੀ ਦੇ ਰਹੇ ਹਨ। 8 ਦਸੰਬਰ 1935 ਨੂੰ ਪੰਜਾਬ ਦੇ ਪਿੰਡ ਨਸਰਾਲੀ ਵਿੱਚ ਜਨਮੇ ਧਰਮਿੰਦਰ ਨੇ ਬਾਲੀਵੁੱਡ ਦੇ ਸਭ ਤੋਂ ਵੱਡੇ ਸੁਪਰਸਟਾਰ ਬਣਨ ਦਾ ਸਫ਼ਰ ਤੈਅ ਕੀਤਾ। ਉਹਨਾਂ 300 ਤੋਂ ਵੱਧ ਫਿਲਮਾਂ ਵਿੱਚ ਕੰਮ ਕੀਤਾ ਅਤੇ ਹਿੰਦੀ ਦੇ ਨਾਲ-ਨਾਲ ਪੰਜਾਬੀ ਸਿਨੇਮਾ ਵਿੱਚ ਵੀ ਆਪਣੀ ਅਦਾਕਾਰੀ ਦਾ ਜਲਵਾ ਬਿਖੇਰਿਆ। ਹਰ ਪੀੜ੍ਹੀ ਦੇ ਦਰਸ਼ਕਾਂ ਨੇ ਉਨ੍ਹਾਂ ਨੂੰ ਭਰਪੂਰ ਪਿਆਰ ਅਤੇ ਸਨਮਾਨ ਦਿੱਤਾ।

ਉਨ੍ਹਾਂ ਦੀ ਆਖਰੀ ਫਿਲਮ 'ਇੱਕੀਸ' ਇਸੇ ਸਾਲ 25 ਦਸੰਬਰ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਣ ਵਾਲੀ ਹੈ। ਇਸ ਫਿਲਮ ਵਿੱਚ ਉਹ ਅਮਿਤਾਭ ਬੱਚਨ ਦੇ ਦੋਹਤੇ ਅਗਸਤਿਆ ਨੰਦਾ ਦੇ ਪਿਤਾ ਦੇ ਕਿਰਦਾਰ ਵਿੱਚ ਨਜ਼ਰ ਆਉਣਗੇ। ਇਹ ਫਿਲਮ 1971 ਦੀ ਭਾਰਤ-ਪਾਕਿ ਜੰਗ ਦੇ ਹੀਰੋ ਅਰੁਣ ਖੇਤਰਪਾਲ ਤੇ ਆਧਾਰਿਤ ਹੈ।




**ਨਵਾਜ਼ ਸ਼ਰੀਫ਼ ਵੀ ਸਨ ਪ੍ਰਸ਼ੰਸਕ:** ਸਾਲ 1935 'ਚ ਪੰਜਾਬ 'ਚ ਜਨਮੇ ਧਰਮ ਸਿੰਘ ਦਿਓਲ ਨੇ ਆਪਣੇ ਜੱਦੀ ਪਿੰਡ ਨਸਰਾਲੀ ਤੋਂ ਬੰਬਈ ਤੱਕ ਦਾ ਅਨੋਖਾ ਸਫ਼ਰ ਤੈਅ ਕੀਤਾ ਜੋ ਕਿ ਇੱਕ ਸੁਪਨਾ ਹੀ ਕਿਹਾ ਜਾ ਸਕਦਾ ਹੈ। ਭਾਰਤ 'ਚ ਹੀ ਨਹੀਂ ਸਗੋਂ ਪਾਕਿਸਤਾਨ 'ਚ ਵੀ ਧਰਮਿੰਦਰ ਦੇ ਬਹੁਤ ਸਾਰੇ ਪ੍ਰਸ਼ੰਸਕ ਮੌਜੂਦ ਹਨ, ਜਿਨ੍ਹਾਂ 'ਚ ਪਾਕਿਸਤਾਨ ਦੇ ਸਾਬਕਾ ਵਜ਼ੀਰ-ਏ-ਆਜ਼ਮ ਨਵਾਜ਼ ਸ਼ਰੀਫ਼ ਵੀ ਸ਼ਾਮਲ ਹਨ।

## ਦਿਲੀਪ ਕੁਮਾਰ ਨੇ ਅਦਾਕਾਰੀ ਦੀ ਚਿਨਗ ਲਗਾਈ

ਜੇਕਰ ਗੱਲ ਬਚਪਨ ਤੋਂ ਸ਼ੁਰੂਆਤ ਕੀਤੀ ਜਾਵੇ ਤਾਂ ਉਨ੍ਹਾਂ ਦੇ ਪਿਤਾ ਲੁਧਿਆਣਾ ਦੇ ਨੇੜੇ ਪੈਂਦੇ ਸਾਨ੍ਹੇਵਾਲ ਪਿੰਡ 'ਚ ਗਣਿਤ ਦੇ ਅਧਿਆਪਕ ਵੱਜੋਂ ਸੇਵਾਵਾਂ ਨਿਭਾ ਰਹੇ ਸਨ ਅਤੇ ਉੱਥੇ ਸਿਨੇਮਾ ਆਦਿ ਵੇਖਣਾ ਤਾਂ ਬਹੁਤ ਹੀ ਦੂਰ ਦੀ ਗੱਲ ਸੀ। ਬਚਪਨ 'ਚ ਹੀ ਇੱਕ ਦਿਨ ਚੋਰੀ ਛਿਪੇ ਦਿਲੀਪ ਕੁਮਾਰ ਦੀ ਫਿਲਮ 'ਸ਼ਹੀਦ' ਵੇਖੀ ਜੋ ਕਿ ਸਾਲ 1948 'ਚ ਰਿਲੀਜ਼ ਹੋਈ ਸੀ।

ਧਰਮਿੰਦਰ ਨੇ ਦੱਸਿਆ ਸੀ ਕਿ ਉਸ ਫਿਲਮ ਅਤੇ ਦਿਲੀਪ ਕੁਮਾਰ ਦੀ ਅਦਾਕਾਰੀ ਨੇ ਉਨ੍ਹਾਂ ਦੇ ਦਿਲ 'ਤੇ ਜਾਦੂ ਕਰ ਦਿੱਤਾ ਸੀ ਅਤੇ ਉਨ੍ਹਾਂ ਦੀ ਕਿਸਮਤ ਜਿਵੇਂ ਉਸੇ ਦਿਨ ਹੀ ਤੈਅ ਹੋ ਗਈ ਸੀ।

ਕਿਸਮਤ ਵੀ ਸ਼ਾਇਦ ਧਰਮਿੰਦਰ ਦੇ ਪੱਖ 'ਚ ਸੀ। 1958 'ਚ ਫਿਲਮਫੇਅਰ ਮੈਗਜ਼ੀਨ ਨੇ ਇੱਕ ਟੈਲੇਂਟ ਹੰਟ ਦਾ ਐਲਾਨ ਕੀਤਾ, ਜਿਸ 'ਚ ਬਿਮਲ ਰਾਏ ਅਤੇ ਗੁਰੂ ਦੱਤ ਵਰਗੇ ਦਿੱਗਜ਼ ਸ਼ਾਮਲ ਸਨ। ਧਰਮਿੰਦਰ ਜੋ ਕਿ ਉਸ ਸਮੇਂ ਮਲੇਰਕੋਟਲਾ 'ਚ ਨੌਕਰੀ ਕਰ ਰਹੇ ਸਨ, ਉਹ ਉੱਥੇ ਜਾਨ ਮੁਹੰਮਦ ਫੋਟੋ ਸਟੂਡੀਓ ਗਏ ਅਤੇ ਕਿਹਾ ਕਿ ਬਸ ਕੁਝ ਅਜਿਹਾ ਕਰੋ ਕਿ ਦਿਲੀਪ ਕੁਮਾਰ ਬਣਾ ਦਿਓ ਅਤੇ ਸਿਲੈਕਸ਼ਨ ਹੋ ਜਾਵੇ ਅਤੇ ਹੋਇਆ ਵੀ ਕੁਝ ਅਜਿਹਾ ਹੀ ਅਤੇ ਪਿੰਡ ਦਾ ਮੁੰਡਾ ਬੰਬੇ ਜਾ ਪਹੁੰਚਿਆ ਤੇ ਇੱਥੋਂ ਹੀ ਸ਼ੁਰੂ ਹੋਈ ਅਜਿਹੀ ਫਿਲਮ ਕਹਾਣੀ ਜਿਸ 'ਚ ਇਮੋਸ਼ਨ ਵੀ ਸੀ ਅਤੇ ਡਰਾਮਾ ਤੇ ਟਰੈਜਡੀ ਵੀ।

## ਧਰਮਿੰਦਰ ਅਤੇ ਹੀਮੈਨ

ਧਰਮਿੰਦਰ ਲਈ ਇਹ 'ਹਕੀਕਤ', 'ਦਿਲ ਨੇ ਫਿਰ ਯਾਦ ਕੀਆ', 'ਮਮਤਾ', 'ਮੇਰੇ ਹਮਦਮ ਮੇਰੇ ਦੋਸਤ' ਵਰਗੀਆਂ ਫਿਲਮਾਂ ਦਾ ਦੌਰ ਸੀ, ਜਿਸ 'ਚ ਉਨ੍ਹਾਂ ਨੂੰ ਬਿਮਲ ਰਾਏ, ਰਿਸ਼ੀਕੇਸ਼ ਮੁਖਰਜੀ ਅਤੇ ਚੇਤਨ ਆਨੰਦ ਵਰਗੇ ਨਿਰਦੇਸ਼ਕਾਂ ਨੇ ਤਰਾਛਿਆ ਸੀ। ਫਿਰ ਆਇਆ 70 ਦਾ ਦਹਾਕਾ, ਜਿਸ 'ਚ ਧਰਮਿੰਦਰ ਦਾ ਪਹਿਲਾਂ ਨਾਲੋਂ ਵੱਖਰਾ ਅੰਦਾਜ਼ ਵੇਖਣ ਨੂੰ ਮਿਲਿਆ। ਇਸ 'ਚ ਐਕਸ਼ਨ, ਰੋਮਾਂਸ, ਕਾਮੇਡੀ ਅਤੇ ਕਮਰਸ਼ੀਅਲ ਸਿਨੇਮਾ ਸਭ ਕੁਝ ਹੀ ਸੀ। ਜੀਵਨ ਮ੍ਰਿਤੂਉ, ਸੀਤਾ ਔਰ ਗੀਤਾ, ਚਰਸ, ਬਲੈਕਮੇਲ, ਚੁਪਕੇ ਚੁਪਕੇ ਭਾਵ ਲਗਾਤਾਰ ਹਿੱਟ ਤੋਂ ਬਾਅਦ ਹਿੱਟ।

1975 'ਚ ਜਦੋਂ 'ਸ਼ੋਲੇ' ਰਿਲੀਜ਼ ਹੋਈ ਉਦੋਂ ਤੱਕ ਵੀਰੂ ਦੀ ਪ੍ਰਸਿੱਧੀ ਤਾਂ ਆਪਣੇ ਸਿਖ਼ਰਾਂ 'ਤੇ ਸੀ।ਭਾਵੇਂ ਟੰਕੀ 'ਤੇ ਚੜ੍ਹਨ ਵਾਲਾ ਸੀਨ ਹੋਵੇ- ''ਵੈਨ ਆਈ ਡੈੱਡ, ਪੁਲਿਸ ਕਮਿੰਗ, ਪੁਲਿਸ ਕਮਿੰਗ, ਬੁੜੀਆ ਗੋਇੰਗ ਜੇਲੂ, ਇਨ ਜੇਲੂ ਬੁੜੀਆ ਚੱਕੀ ਪੀਸਿੰਗ ਐਂਡ ਪੀਸਿੰਗ ਐਂਡ ਪੀਸਿੰਗ' ਜਾਂ ਫਿਰ ਟਾਂਗੇਵਾਲੀ ਬਸੰਤੀ ਨਾਲ ਟਾਂਗੇ 'ਚ ਰੋਮਾਂਸ ਕਰਦਾ ਵੀਰੂ ਹੋਵੇ-ਇਸ ਫਿਲਮ ਨੇ ਧਰਮਿੰਦਰ ਦੇ ਸਟਾਰਡਮ ਨੂੰ ਜਿਵੇਂ ਚਾਰ ਚੰਨ ਹੀ ਲਗਾ ਦਿੱਤੇ।

# ਜ਼ੂਬਿਨ ਗਰਗ ਮੌਤ ਦਾ ਮਾਮਲਾ: ਕਮਿਸ਼ਨ ਨੇ ਬਿਆਨ ਦਰਜ ਕਰਵਾਉਣ ਦੀ ਮਿਤੀ ਵਧਾਈ

**ਨਵੀਂ ਦਿਲੀ।** ਗਾਇਕ ਜ਼ੂਬਿਨ ਗਰਗ ਦੀ ਮੌਤ ਦੀ ਜਾਂਚ ਕਰ ਰਹੇ ਕਮਿਸ਼ਨ ਨੇ ਗਾਇਕ ਦੀ ਮੌਤ ਸਬੰਧੀ ਬਿਆਨ ਦਰਜ ਕਰਵਾਉਣ ਦੀ ਆਖਰੀ ਮਿਤੀ 12 ਦਸੰਬਰ ਤਕ ਵਧਾ ਦਿੱਤੀ ਹੈ। ਜਸਟਿਸ ਸੌਮਿੱਤਰਾ ਸੈਕਿਆ ਦੀ ਅਗਵਾਈ ਹੇਠ ਗਠਿਤ ਕਮਿਸ਼ਨ ਨੇ ਤਿੰਨ ਨਵੰਬਰ ਤੋਂ ਜਾਂਚ ਸ਼ੁਰੂ ਕੀਤੀ ਸੀ। ਇਸ ਕਮਿਸ਼ਨ ਦੇ ਮੈਂਬਰ ਆਰੂਪ ਪਾਠਕ ਨੇ ਦੱਸਿਆ ਕਿ ਪਹਿਲਾਂ ਇਸ ਸਬੰਧੀ ਆਖਰੀ ਮਿਤੀ 21 ਨਵੰਬਰ ਸੀ ਜੋ ਹੁਣ ਵਧਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜ਼ੂਬਿਨ ਦੀ ਮੌਤ ਦੇ ਮਾਮਲੇ ਵਿਚ ਜਾਣਕਾਰੀ ਰੱਖਣ ਵਾਲੇ ਸਾਰੇ ਜਣੇ 12 ਦਸੰਬਰ ਤਕ ਐਤਵਾਰ ਨੂੰ ਛੱਡ ਕੇ



ਆਪਣੇ ਬਿਆਨ ਹਲਫਨਾਮੇ ਰਾਹੀਂ ਦੇ ਸਕਦੇ ਹਨ। ਜ਼ਿਕਰਯੋਗ ਹੈ ਕਿ ਆਸਾਮ ਸਰਕਾਰ ਨੇ 19 ਸਤੰਬਰ ਨੂੰ ਸਿੰਗਾਪੁਰ ਵਿਚ ਭੇਤਭਰੀ ਹਾਲਤ ਵਿਚ ਹੋਈ ਮੌਤ ਦੇ ਮਾਮਲੇ ਵਿਚ ਗੁਹਾਟੀ ਹਾਈ ਕੋਰਟ ਦੇ ਵਰਤਮਾਨ ਜੱਜ ਦੀ ਅਗਵਾਈ ਹੇਠ ਕਮਿਸ਼ਨ ਦਾ ਗਠਨ ਕੀਤਾ ਸੀ।

# ਜਸਟਿਸ ਸੂਰਿਆਕਾਂਤ ਨੇ ਭਾਰਤ ਦੇ 53ਵੇਂ ਚੀਫ ਜਸਟਿਸ ਵਜੋਂ ਹਲਫ਼ ਲਿਆ

**ਨਵੀਂ ਦਿੱਲੀ।** ਜਸਟਿਸ ਸੂਰਿਆਕਾਂਤ ਨੇ ਅੱਜ ਭਾਰਤ ਦੇ 53ਵੇਂ ਚੀਫ ਜਸਟਿਸ ਵਜੋਂ ਹਲਫ਼ ਲਿਆ। ਰਾਸ਼ਟਰਪਤੀ ਭਵਨ ਵਿਖੇ ਹੋਏ ਇੱਕ ਸਮਾਗਮ ਦੌਰਾਨ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਜਸਟਿਸ ਸੂਰਿਆ ਕਾਂਤ ਨੂੰ 53ਵੇਂ ਸੀ ਜੇ ਆਈ ਵਜੋਂ ਅਹੁਦੇ ਦੀ ਸਹੁੰ ਚੁਕਾਈ। ਜਸਟਿਸ ਕਾਂਤ ਨੇ ਭਗਵਾਨ ਦੇ ਨਾਮ ਤੇ ਹਿੰਦੀ ਵਿਚ ਸਹੁੰ ਚੁੱਕੀ। ਜਸਟਿਸ ਕਾਂਤ ਨੂੰ 30 ਅਕਤੂਬਰ ਨੂੰ ਦੇਸ਼ ਦਾ ਅਗਲਾ ਚੀਫ ਜਸਟਿਸ ਨਿਯੁਕਤ ਕੀਤਾ ਗਿਆ ਸੀ ਤੇ ਉਹ ਇਸ ਅਹੁਦੇ ਤੇ ਕਰੀਬ 15 ਮਹੀਨਿਆਂ ਲਈ ਰਹਿਣਗੇ। ਉਹ 9 ਫਰਵਰੀ 2027 ਨੂੰ 65 ਸਾਲ ਦੀ ਉਮਰ ਦੇ ਹੋਣ ਮੌਕੇ ਅਹੁਦਾ ਛੱਡਣਗੇ। ਜਸਟਿਸ ਸੂਰਿਆ ਕਾਂਤ ਜੰਮੂ ਕਸ਼ਮੀਰ ਨੂੰ ਧਾਰਾ 370 ਤਹਿਤ ਮਿਲੇ ਵਿਸ਼ੇਸ਼ ਰੁਤਬੇ ਨੂੰ ਮਨਸੂਖ ਕਰਨ ਸਣੇ ਕਈ ਵੱਡੇ ਫੈਸਲਿਆਂ ਦਾ ਹਿੱਸਾ ਰਹੇ ਹਨ। ਉਨ੍ਹਾਂ ਜਸਟਿਸ ਬੀਆਰ ਗਵਈ ਦੀ ਥਾਂ ਲਈ ਹੈ। ਹਲਫ਼ਦਾਰੀ ਸਮਾਗਮ ਵਿਚ ਉਪ ਰਾਸ਼ਟਰਪਤੀ ਸੀਪੀ ਰਾਧਾਕ੍ਰਿਸ਼ਨਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਹੋਰ ਸੀਨੀਅਰ ਆਗੂ ਮੌਜੂਦ ਸਨ।



# ਅੱਤਵਾਦੀਆਂ ਵੱਲੋਂ ਪੇਸ਼ਾਵਰ ਵਿੱਚ ਪੈਰਾਮਿਲਟਰੀ ਫੋਰਸ ਦੇ ਦਫਤਰ ਤੇ ਆਤਮਘਾਤੀ ਹਮਲਾ, 3 ਦੀ ਮੌਤ

**ਇਸਲਾਮਾਬਾਦ।** ਪਾਕਿਸਤਾਨ ਦੇ ਪੇਸ਼ਾਵਰ ਸ਼ਹਿਰ ਵਿੱਚ ਭਾਰੀ ਹਥਿਆਰਾਂ ਨਾਲ ਲੈਸ ਅੱਤਵਾਦੀਆਂ ਨੇ ਪੈਰਾਮਿਲਟਰੀ ਫੋਰਸ ਦੇ ਹੈੱਡਕੁਆਰਟਰ ਤੇ ਵੱਡਾ ਅੱਤਵਾਦੀ ਹਮਲਾ ਕਰ ਦਿੱਤਾ। ਇਸ ਭਿਆਨਕ ਹਮਲੇ ਵਿੱਚ ਘੱਟੋ-ਘੱਟ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਹੈ। ਹਮਲਾਵਰਾਂ ਨੇ ਪਹਿਲਾਂ ਹੈੱਡਕੁਆਰਟਰ ਦੇ ਮੇਨ ਗੇਟ ਤੇ ਧਮਾਕਾ ਕੀਤਾ ਅਤੇ ਫਿਰ ਫਾਇਰਿੰਗ ਕਰਦੇ ਹੋਏ ਅੰਦਰ ਵੜਨ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਪੂਰੇ ਇਲਾਕੇ ਵਿੱਚ ਹੜਕੰਪ ਮੱਚ ਗਿਆ। ਇਸ ਹਮਲੇ ਨੂੰ ਦੋ ਆਤਮਘਾਤੀ ਹਮਲਾਵਰਾਂ ਨੇ ਅੰਜਾਮ ਦਿੱਤਾ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪਹਿਲੇ ਹਮਲਾਵਰ ਨੇ ਖੁਦ ਨੂੰ ਕਾਂਸਟੇਬੁਲਰੀ ਦੇ ਮੁੱਖ ਗੇਟ ਤੇ ਹੀ ਉਡਾ ਲਿਆ, ਜਦਕਿ ਦੂਜਾ ਅੱਤਵਾਦੀ ਕੰਪਾਊਂਡ ਦੇ ਅੰਦਰ ਵੜ ਗਿਆ। ਇਸ ਤੋਂ ਬਾਅਦ ਅੰਦਰੋਂ ਲਗਾਤਾਰ ਫਾਇਰਿੰਗ ਅਤੇ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ। ਹਮਲੇ ਦੀ ਸੂਚਨਾ ਮਿਲਦਿਆਂ ਹੀ ਪਾਕਿਸਤਾਨੀ ਫੌਜ ਅਤੇ ਪੁਲੀਸ ਨੇ ਪੂਰੇ ਇਲਾਕੇ ਨੂੰ ਘੇਰ ਲਿਆ ਹੈ



ਅਤੇ ਜਵਾਬੀ ਕਾਰਵਾਈ ਜਾਰੀ ਹੈ। ਸੁਰੱਖਿਆ ਬਲਾਂ ਨੂੰ ਸ਼ੱਕ ਹੈ ਕਿ ਹੈੱਡਕੁਆਰਟਰ ਦੇ ਅੰਦਰ ਅਜੇ ਵੀ ਕੁਝ ਅੱਤਵਾਦੀ ਲੁਕੇ ਹੋ ਸਕਦੇ ਹਨ। ਇਹ ਹੈੱਡਕੁਆਰਟਰ ਪੇਸ਼ਾਵਰ ਦੇ ਇੱਕ ਬੇਹੱਦ ਭੀੜ-ਭੜੱਕੇ ਵਾਲੇ ਸਦਰ ਬਾਜ਼ਾਰ ਇਲ-ਾਕੇ ਵਿੱਚ ਸਥਿਤ ਹੈ ਅਤੇ ਫੌਜੀ ਛਾਉਣੀ ਵੀ ਇੱਥੋਂ ਕਾਫੀ ਨੇੜੇ ਹੈ। ਹਮਲੇ ਦੇ ਨਾਲ ਹੀ ਐਫਸੀ ਚੌਕ ਤੇ ਦੋ ਜ਼ੋਰਦਾਰ ਧਮਾਕੇ ਵੀ ਹੋਏ, ਜਿਸ ਨਾਲ ਬਾਜ਼ਾਰ ਵਿੱਚ ਮੌਜੂਦ ਲੋਕਾਂ ਵਿੱਚ ਭਗਦੜ ਮੱਚ ਗਈ। ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੇ ਵੀਡੀਓ ਵਿੱਚ ਲੋਕ ਆਪਣੀ ਜਾਨ ਬਚਾਉਣ ਲਈ ਇੱਧਰ-ਉੱਧਰ ਭੱਜਦੇ ਹੋਏ ਦਿਖਾਈ ਦੇ ਰਹੇ ਹਨ। ਸੁਰੱਖਿਆ ਬਲਾਂ ਨੇ ਸਾਵਧਾਨੀ ਵਜੋਂ ਆਸ-ਪਾਸ ਦੀਆਂ ਸੜਕਾਂ ਨੂੰ ਟ੍ਰੈਫਿਕ ਲਈ ਬੰਦ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪਾਕਿਸਤਾਨ ਵਿੱਚ ਪਿਛਲੇ ਕੁਝ ਸਮੇਂ ਤੋਂ, ਖਾਸ ਕਰਕੇ ਖੈਬਰ ਪਖਤੂਨਖਵਾ ਅਤੇ ਬਲੋਚਿਸਤਾਨ ਸੂਬੇ ਵਿੱਚ ਅੱਤਵਾਦੀ ਹਮਲਿਆਂ ਵਿੱਚ ਤੇਜ਼ੀ ਆਈ ਹੈ। ਇਸਦੀ ਮੁੱਖ ਵਜ੍ਹਾ ਅੱਤਵਾਦੀ ਸੰਗਠਨ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਨਾਲ ਸਰਕਾਰ ਦਾ ਸ਼ਾਂਤੀ ਸਮਝੌਤਾ ਟੁੱਟਣਾ ਮੰਨਿਆ ਜਾ ਰਿਹਾ ਹੈ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਸਮੁੰਦਰੀ ਬੇੜਾ ਆਈ ਐਨ ਐਸ ਮਾਹੇ ਭਾਰਤੀ ਜਲਸੈਨਾ ਵਿੱਚ ਸ਼ਾਮਲ



**ਮੁੰਬਈ।** ਭਾਰਤੀ ਜਲ ਸੈਨਾ ਨੇ ਅੱਜ ਆਈਐਨਐਸ ਮਾਹੇ ਨੂੰ ਆਪਣੇ ਬੇੜੇ ਵਿਚ ਸ਼ਾਮਲ ਕਰ ਲਿਆ। ਇਹ ਮਾਹੇ-ਵਰਗ ਦਾ ਐਂਟੀ-ਪਣਡੁੱਬੀ ਵਾਰਫੇਅਰ ਘੱਟ ਡੂੰਘੇ ਪਾਣੀ ਵਾਲਾ ਪਹਿਲਾ ਸਮੁੰਦਰੀ ਬੇੜਾ ਹੈ, ਜਿਸ ਤੋਂ ਇਸ ਦੀ ਜੰਗੀ ਸ਼ਕਤੀ ਵਧਣ ਦੀ ਉਮੀਦ ਹੈ। ਆਈਐਨਐਸ ਮਾਹੇ ਦੀ ਕਮਿਸ਼ਨਿੰਗ ਮੌਕੇ ਥਲ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ ਮੁੱਖ ਮਹਿਮਾਨ ਸਨ। ਸਮੁੰਦਰੀ ਬੇੜਾ ਮਾਹੇ ਸਵਦੇਸ਼ੀ ਘੱਟ ਪਾਣੀ ਵਿਚ ਲੜਨ ਵਾਲੇ ਲੜਾਕੂ ਜਹਾਜ਼ਾਂ ਦੀ ਨਵੀਂ ਪੀੜ੍ਹੀ ਨੂੰ ਦਰਸਾਉਂਦਾ ਹੈ, ਜੋ ਫੁਰਤੀਲੇ, ਤੇਜ਼ ਤੇ ਪੱਕੇ ਇਰਾਦੇ ਵਾਲੇ ਭਾਰਤੀ ਹਨ। ਕੋਚੀਨ ਸ਼ਿਪਯਾਰਡ ਲਿਮਟਿਡ ਵੱਲੋਂ ਬਣਾਇਆ ਗਿਆ ਆਈ ਐਨ ਐਸ ਮਾਹੇ, ਡਿਜ਼ਾਈਨ ਤੇ ਨਿਰਮਾਣ ਵਿਚ ਵਿੱਚ ਭਾਰਤ ਦੀ ਆਤਮਨਿਰਭਰ ਭਾਰਤ ਪਹਿਲ ਦੀ ਸਭ ਤੋਂ ਵੱਡੀ ਮਿਸਾਲ ਹੈ। ਜਲਸੈਨਾ ਨੇ ਕਿਹਾ ਕਿ ਸੰਖੇਪ ਪਰ ਸ਼ਕਤੀਸ਼ਾਲੀ, ਇਹ ਜਹਾਜ਼ ਫੁਰਤੀ, ਸਟੀਕਤਾ ਅਤੇ ਸਹਿਣਸ਼ੀਲਤਾ ਨੂੰ ਦਰਸਾਉਂਦਾ ਹੈ ਤੇ ਇਹ ਗੁਣ ਸਮੁੰਦਰੀ ਕੰਢਿਆਂ ਤੇ ਦਬਦਬਾ ਬਣਾਉਣ ਲਈ ਬਹੁਤ ਜ਼ਰੂਰੀ ਹੈ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**


ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਵਿਆਹ ਤੋਂ 2 ਮਹੀਨੇ ਪਹਿਲਾਂ ਫਿਜ਼ੀਓਥੈਰੇਪਿਸਟ ਡਾਕਟਰ ਨੇ ਕੀਤੀ ਖ਼ੁਦਕੁਸ਼ੀ



**ਸੂਰਤ।** ਗੁਜਰਾਤ ਦੇ ਸੂਰਤ ਸ਼ਹਿਰ ਤੋਂ ਇੱਕ ਦਿਲ ਨੂੰ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ, ਜਿੱਥੇ ਇਕ ਡਾਕਟਰ ਨੇ ਉੱਚੀ ਇਮਾਰਤ ਤੋਂ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਰਿਪੋਰਟਾਂ ਅਨੁਸਾਰ, ਸੂਰਤ ਦੇ ਪਾਸ਼ ਵੇਸੂ ਇਲਾਕੇ ਵਿੱਚ 28 ਸਾਲਾ ਡਾਕਟਰ ਰਾਧਿਕਾ ਕੋਟਾਡੀਆ ਨੇ ਇੱਕ ਕੈਫੇ ਦੀ 9ਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ। ਰਿਪੋਰਟਾਂ ਅਨੁਸਾਰ, ਕੈਫੇ ਦੇ ਅੰਦਰ ਲੋਕਾਂ ਨੇ ਅਚਾਨਕ ਮੁਟਿਆਰ ਨੂੰ ਡਿੱਗਦੇ ਦੇਖਿਆ ਅਤੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ। ਡਾ. ਰਾਧਿਕਾ ਇੱਕ ਨਿੱਜੀ ਹਸਪਤਾਲ ਵਿੱਚ ਕੰਮ ਕਰਦੀ ਸੀ ਅਤੇ ਹਾਲ ਹੀ ਵਿੱਚ ਉਸ ਦੀ ਮੰਗਣੀ ਹੋਣ ਵਾਲੀ ਸੀ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਸ ਦੀ ਆਪਣੇ ਮੰਗੇਤਰ ਨਾਲ ਕਿਸੇ ਗੱਲ ਨੂੰ ਲੈ ਕੇ ਲੜਾਈ ਹੋ ਗਈ ਸੀ, ਜਿਸ ਕਾਰਨ ਮਾਨਸਿਕ ਤਣਾਅ ਪੈਦਾ ਹੋ ਗਿਆ ਅਤੇ ਉਸ ਨੇ ਇਹ ਘਾਤਕ ਕਦਮ ਚੁੱਕਿਆ। ਸੂਚਨਾ ਮਿਲਣ 'ਤੇ ਪੁਲਿਸ ਅਤੇ ਫੋਰੈਂਸਿਕ ਟੀਮਾਂ ਮੌਕੇ 'ਤੇ ਪਹੁੰਚੀਆਂ। ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਗਿਆ। ਪੁਲਿਸ ਨੇ ਘਟਨਾ ਸਥਾਨ ਤੋਂ ਰਾਧਿਕਾ ਦਾ ਮੋਬਾਈਲ ਫੋਨ, ਹੈਂਡਬੈਗ ਅਤੇ ਹੋਰ ਨਿੱਜੀ ਦਸਤਾਵੇਜ਼ ਜ਼ਬਤ ਕਰ ਲਏ ਹਨ ਜਾਂਚ ਜਾਰੀ ਹੈ। ਰਿਪੋਰਟਾਂ ਦੇ ਅਨੁਸਾਰ ਫਿਜ਼ੀਓਥੈਰੇਪਿਸਟ ਡਾ. ਰਾਧਿਕਾ ਰੇਲਿੰਗ ਵੱਲ ਤੁਰਨ ਅਤੇ ਛਾਲ ਮਾਰਨ ਤੋਂ ਪਹਿਲਾਂ ਲਗਭਗ 20-25 ਮਿੰਟ ਕੈਫੇ ਵਿੱਚ ਬੈਠੀ ਰਹੀ। ਉਸ ਦੀ ਮੰਗਣੀ ਅਤੇ ਬਾਅਦ ਵਿੱਚ ਵਿਆਹ ਜਨਵਰੀ ਵਿੱਚ ਹੋਣਾ ਤੈਅ ਸੀ। ਸੂਰਤ ਪੁਲਿਸ ਨੇ ਡਾਕਟਰ ਦੇ ਮੋਬਾਈਲ ਚੈਟ ਅਤੇ ਕਾਲ ਰਿਕਾਰਡਿੰਗਾਂ ਨੂੰ ਪ੍ਰਾਪਤ ਕਰ ਲਿਆ ਹੈ ਅਤੇ ਉਸ ਦੇ ਸੰਭਾਵੀ ਮੰਗੇਤਰ ਤੋਂ ਪੁੱਛਗਿੱਛ ਕੀਤੀ ਹੈ। ਕਿਹਾ ਜਾਂਦਾ ਹੈ ਕਿ ਉਹ ਆਪਣੇ ਮੰਗੇਤਰ ਨਾਲ ਕਈ ਵਾਰ ਇਸ ਕੈਫੇ ਵਿੱਚ ਗਈ ਸੀ। ਵੀਰਵਾਰ ਨੂੰ, ਘਟਨਾ ਵਾਲੇ ਦਿਨ, ਉਹ ਰਾਤ 8 ਵਜੇ ਇਕੱਲੀ ਕੈਫੇ ਪਹੁੰਚੀ ਅਤੇ ਚਾਹ ਦਾ ਆਰਡਰ ਦਿੱਤਾ। ਫਿਰ ਉਸ ਨੇ ਕੁਝ ਦੇਰ ਲਈ ਫ਼ੋਨ 'ਤੇ ਕਿਸੇ ਨਾਲ ਗੱਲ ਕੀਤੀ। ਫਿਰ, ਉਹ ਅਚਾਨਕ ਰੇਲਿੰਗ ਵੱਲ ਤੁਰ ਪਈ ਅਤੇ ਛਾਲ ਮਾਰ ਦਿੱਤੀ। ਸਟਾਫ ਨੂੰ ਉਸ ਨੂੰ ਬਚਾਉਣ ਦਾ ਮੌਕਾ ਵੀ ਨਹੀਂ ਮਿਲਿਆ। ਰਿਪੋਰਟਾਂ ਅਨੁਸਾਰ, ਡਾ. ਰਾਧਿਕਾ ਜਾਮਨਗਰ ਜ਼ਿਲ੍ਹੇ ਦੀ ਰਹਿਣ ਵਾਲੀ ਹੈ। ਉਸ ਦੇ ਪਿਤਾ ਇੱਕ ਹੀਰਾ ਕੰਪਨੀ ਵਿੱਚ ਕੰਮ ਕਰਦੇ ਹਨ, ਜਦੋਂ ਕਿ ਉਹ ਇੱਕ ਫਿਜ਼ੀਓਥੈਰੇਪਿਸਟ ਵਜੋਂ ਇੱਕ ਕਲੀਨਿਕ ਚਲਾਉਂਦੀ ਹੈ। ਉਹ ਆਪਣੀ ਮੰਗਣੀ ਅਤੇ ਵਿਆਹ ਤੋਂ ਬਹੁਤ ਖੁਸ਼ ਸੀ।

# ਬਠਿੰਡਾ ਅਦਾਲਤ ’ਚ ਕੰਗਨਾ ਖ਼ਿਲਾਫ਼ ਦੋਸ਼ ਆਇਦ



**ਬਠਿੰਡਾ।** ਹਿਮਾਚਲ ਪ੍ਰਦੇਸ਼ ਦੇ ਲੋਕ ਸਭਾ ਹਲਕਾ ਮੰਡੀ ਤੋਂ ਲੋਕ ਸਭਾ ਮੈਂਬਰ ਅਤੇ ਫ਼ਿਲਮੀ ਅਦਾਕਾਰਾ ਕੰਗਨਾ ਰਣੌਤ ਦੀ ਅੱਜ ਇੱਥੇ ਅਦਾਲਤ ਵਿੱਚ ਪੇਸ਼ੀ ਸੀ। ਉਹ ਖੁਦ ਤਾਂ ਪੇਸ਼ ਨਹੀਂ ਹੋਏ ਪਰ ਉਨ੍ਹਾਂ ਦੇ ਵਕੀਲ ਨੇ ਹਾਜ਼ਰੀ ਭਰੀ। ਜਾਣਕਾਰੀ ਅਨੁਸਾਰ ਅਦਾਲਤ ਨੇ ਅੱਜ ਕੰਗਨਾ ਰਣੌਤ ਖ਼ਿਲਾਫ਼ ਚਾਰਜ ਫਰੇਮ ਕਰ ਦਿੱਤੇ ਹਨ। ਸੁਣਵਾਈ ਦੌਰਾਨ ਮੁਦੱਈ ਧਿਰ ਦੇ ਵਕੀਲ ਰਘਬੀਰ ਸਿੰਘ ਵੈਹਣੀਵਾਲ ਨੇ ਅਦਾਲਤ ’ਚ ਆਪਣੇ ਮੁਵੱਕਲ ਦਾ ਪੱਖ ਪੇਸ਼ ਕੀਤਾ। ਸ੍ਰੀ ਵੈਹਣੀਵਾਲ ਨੇ ਦੱਸਿਆ ਕਿ ਲੰਘੀ 27 ਅਕਤੂਬਰ ਨੂੰ ਨਿੱਜੀ ਪੇਸ਼ੀ ਤੋਂ ਬਾਅਦ ਕੰਗਨਾ ਦੇ ਵਕੀਲਾਂ ਨੇ ਅਗਲੀਆਂ ਸੁਣਵਾਈਆਂ ਮੌਕੇ ਵੀਡੀਓ ਕਾਨਫਰੰਸਿੰਗ (ਵੀਸੀ) ਰਾਹੀਂ ਪੇਸ਼ ਹੋਣ ਦੀ ਇਜਾਜ਼ਤ ਮੰਗੀ ਸੀ। ਅੱਜ ਵੀ ਕੰਗਨਾ ਦੇ ਵਕੀਲਾਂ ਨੇ ਸੁਰੱਖਿਆ ਦੇ ਲਿਹਾਜ਼ ਨਾਲ ਕੰਗਨਾ ਨੂੰ ਅਦਾਲਤੀ ਪੇਸ਼ੀ ਤੋਂ ਛੋਟ ਦੇਣ ਬਾਰੇ ਫਿਰ ਅਰਜ਼ੀ ਦਾਇਰ ਕੀਤੀ। ਅਰਜ਼ੀ ’ਚ ਏਅਰਪੋਰਟ ’ਤੇ ਕੰਗਨਾ ’ਤੇ ਹੋਏ ਹਮਲੇ ਅਤੇ ਕੁੱਝ ਐਫਆਈਆਰ ਨੂੰ ਹਵਾਲਾ ਬਣਾਇਆ ਗਿਆ। ਦੱਸਿਆ ਗਿਆ ਕਿ ਹੁਣ ਕੰਗਨਾ ਦੇ ਵਕੀਲ 4 ਦਸੰਬਰ ਨੂੰ ਅਗਲੀ ਪੇਸ਼ੀ ਮੌਕੇ ਆਪਣਾ ਜਵਾਬ ਦਾਇਰ ਕਰਨਗੇ। ਪਿਛਲੀ ਸੁਣਵਾਈ ਸਮੇਂ ਕੰਗਨਾ ਰਣੌਤ ਨੇ ਮਹਿਲਾ ਕਿਸਾਨਾਂ ਬਾਰੇ ਟਵੀਟ ਕੀਤੇ ਆਪਣੇ ਟਵੀਟ ਲਈ ਅਦਾਲਤ ਵਿੱਚ ਮੁਆਫ਼ੀ ਮੰਗੀ ਸੀ। ਆਪਣੀ ਪੇਸ਼ੀ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ ਸੀ ਕਿ ‘ਇਹ ਇੱਕ ਗ਼ਲਤਫ਼ਹਿਮੀ ਸੀ। ਮੈਂ ਮਾਤਾ ਨੂੰ ਸੁਨੇਹਾ ਭੇਜਿਆ ਹੈ ਕਿ ਉਹ ਗ਼ਲਤਫ਼ਹਿਮੀ ਦਾ ਸ਼ਿਕਾਰ ਹੋਈ ਹੈ। ਇਹ ਮੇਰਾ ਇਰਾਦਾ ਨਹੀਂ ਸੀ।’ ਗੌਰਤਲਬ ਹੈ ਕਿ ਮਾਮਲਾ 2021 ਵਿੱਚ ਹੋਏ ਕਿਸਾਨਾਂ ਅੰਦੋਲਨ ਦਾ ਹੈ। ਉਦੋਂ ਕੰਗਨਾ ਰਣੌਤ ਨੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਬਹਾਦਰਗੜ੍ਹ ਜੰਡੀਆ ਦੀ 87 ਸਾਲਾ ਬਿਰਧ ਮਹਿਲਾ ਮਹਿੰਦਰ ਕੌਰ ਬਾਰੇ ਟਵੀਟ ਕਰਦਿਆਂ 100-100 ਰੁਪਏ ਲੈ ਕੇ ਧਰਨੇ ਵਿਚ ਸ਼ਾਮਿਲ ਹੋਣ ਵਾਲੀ ਔਰਤ ਦੱਸਿਆ ਸੀ। ਮਹਿੰਦਰ ਕੌਰ ਨੇ ਇਸ ਟਵੀਟ ਨੂੰ ਲੈ ਕੇ ਕੰਗਨਾ ਵਿਰੁੱਧ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਸੰਪੰਨ

- ਜਲ ਸਪਲਾਈ ਕਾਮਿਆਂ ਵੱਲੋਂ ਮੁਕੰਮਲ ਕੰਮ ਬੰਦ ਰੱਖ ਕੇ 2,3 ਅਤੇ 4 ਦਸੰਬਰ ਨੂੰ ਲਗਾਤਾਰ ਦਿਨ-ਰਾਤ ਧਰਨਾ ਦੇਣ ਦਾ ਐਲਾਨ
- ਇਨਲਿਸਟਮੈਂਟ/ਆਊਟਸੋਰਸ ਕਾਮਿਆਂ ਦਾ ਪੱਕਾ ਰੁਜਗਾਰ ਕਰਨ ਵਾਲੀ ਪਾਲਿਸੀ ਲਾਗੂ ਕੀਤੀ ਜਾਵੇ - ਵਰਿੰਦਰ ਮੋਮੀ

**ਲੁਧਿਆਣਾ ( ਹਰਜਿੰਦਰ ਸਿੰਘ ਚੰਦੀ)** - ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਈਸੜੂ ਭਵਨ ਲੁਧਿਆਣਾ ਵਿਖੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ ਦੀ ਅਗੁਵਾਈ ਹੇਠ ਕੀਤੀ ਗਈ, ਜਿਸ 'ਚ ਸੂਬਾ ਕਮੇਟੀ ਮੈਂਬਰ, ਵੱਖ ਵੱਖ ਜਿਲ੍ਹਿਆ ਦੇ ਪ੍ਰਧਾਨ/ਜਨਰਲ ਸਕੱਤਰ ਸਮੇਤ ਹੋਰ ਸਰਗਰਮ ਆਗੂਆਂ ਨੇ ਸ਼ਿਰਕਤ ਕੀਤੀ। ਮੀਟਿੰਗ ਵਿੱਚ ਕਈ ਅਹਿਮ ਏਜੰਡਿਆ ਤੇ ਵਿਚਾਰ ਚਰਚਾ ਕਰਨ ਉਪਰੰਤ ਸਰਵ ਸੰਮਤੀ ਨਾਲ ਫੈਸਲੇ ਲਏ ਗਏ। ਪੰਜਾਬ ਸਰਕਾਰ ਅਤੇ ਵਿਭਾਗੀ ਮੈਨੇਜਮੈਂਟ ਦੇ ਖਿਲਾਫ ਪੂਰ ਅਮਨ ਢੰਗ ਨਾਲ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਕਰਦੇ ਹੋਏ ਐਲਾਨ ਕੀਤਾ ਗਿਆ।

ਇਸ ਸਬੰਧੀ ਅੱਜ ਇਥੇ ਪ੍ਰੈਸ ਬਿਆਨ ਜਾਰੀ ਕਰਦਿਆਂ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ, ਸੂਬਾ ਜੁਆਇੰਟ ਪ੍ਰੈੱਸ ਸਕੱਤਰ ਜਸਵੀਰ ਸਿੰਘ ਸ਼ੀਰਾ ਨੇ ਦੱਸਿਆ ਕਿ ਹਾਲ ਹੀ ਵਿੱਚ ਵਿਭਾਗੀ ਅਧਿਕਾਰੀਆਂ ਵੱਲੋਂ ਪੰਜਾਬ ਸਰਕਾਰ ਦੀ ਕੈਬਨਿਟ ਸਬ ਕਮੇਟੀ ਦੇ ਆਦੇਸ਼ਾਂ ਤਹਿਤ ਜਸਸ ਵਿਭਾਗ 'ਚ ਫੀਲਡ ਅਤੇ ਦਫਤਰਾਂ 'ਚ ਕੰਮ ਕਰਦੇ ਇੰਨਲਿਸਟਮੈਟ/ਆਉਟਸੋਰਸ ਵਰਕਰਾਂ ਨੂੰ ਸਿੱਧੇ ਕੰਟਰੈਕਟ ਤੇ ਲੈਣ ਵਾਲੀ ਪਾਲਿਸੀ (ਪ੍ਰਪੋਜਲ) ਵਿੱਤ ਵਿਭਾਗ ਅਤੇ ਪ੍ਰਸੋਨਲ ਵਿਭਾਗ, ਪੰਜਾਬ ਸਰਕਾਰ ਨੂੰ ਭੇਜੀ ਗਈ ਹੈ, ਜੱਥੇਬੰਦੀ ਵੱਲੋਂ ਇਹ ਪਾਲਿਸੀ ਵਰਕਰ ਵਿਰੋਧੀ ਕਰਾਰ ਦੇ ਕੇ ਮੁੱਢੋ ਰੱਦ ਕੀਤਾ ਗਿਆ ਹੈ ਅਤੇ ਇਸ ਪਾਲਿਸੀ ਵਿੱਚ ਸੋਧਾਂ ਕਰਨ ਦੀ ਮੰਗ ਕੀਤੀ ਗਈ ਹੈ ਤਾਂ ਜੋ ਵਿਭਾਗ ਵਿੱਚ ਕੰਮ ਕਰਦੇ 4329 ਇਨਲਿਸਟਮੈਂਟ ਅਤੇ ਆਊਟਸੋਰਸ ਕਾਮਿਆਂ ਦਾ ਪੱਕਾ ਰੁਜਗਾਰ ਅਤੇ ਸੁਰੱਖਿਆਤ ਹੋ ਸਕੇ। ਕਿਉਂਕਿ ਇਸ ਪਾਲਸੀ ਅਨੁਸਾਰ ਇੰਨਲਿਸਟਮੈਟ, ਆਉਟਸੋਰਸ ਵਰਕਰਾਂ ਦਾ ਭਵਿੱਖ ਸਾਫ਼ ਨਹੀਂ ਕੀਤਾ ਗਿਆ ਅਤੇ ਵਰਕਰ ਜੋਕਿ ਸਰਕਾਰ ਦੀਆਂ ਜਰੂਰੀ ਸੇਵਾਵਾਂ ਰੈਗੂਲਰ ਮੁਲਾਜਮਾਂ ਵਾਂਗ ਤਨਦੇਹੀ ਨਾਲ ਨਿਭਾਅ ਰਹੇ ਹਨ, ਇਹ ਪਾਲਿਸੀ ਇਨ੍ਹਾਂ ਇਨਲਿਸਟਮੈਂਟ ਵਰਕਰਾਂ ਦੇ ਹੱਕ ਲਈ ਨਹੀਂ ਹੈ। ਜਦਕਿ ਬੇਲੋੜੀਆਂ ਕੰਟੀਸ਼ਨਾਂ ਲਗਾ ਕੇ ਸਭ ਕੁਝ ਤੋੜ-ਮਰੋੜ ਕੇ ਪੰਜਾਬ ਸਰਕਾਰ ਅੱਗੇ ਪੇਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜਿੱਥੇ ਇਕ ਪਾਸੇ ਪੇਂਡੂ ਜਲ ਸਪਲਾਈ ਸਕੀਮਾਂ ਤੇ ਫੀਲਡ ਅਤੇ ਦਫਤਰਾਂ 'ਚ ਪਿਛਲੇ 15-20 ਸਾਲਾਂ ਤੋਂ ਇਕ ਵਰਕਰ ਦੇ ਰੂਪ ਵਿੱਚ ਰੈਗੂਲਰ ਮੁਲਾਜਮਾਂ ਵਾਂਗ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਵਰਕਰਾਂ ਨੂੰ ਸਿੱਧਾ ਵਿਭਾਗ 'ਚ ਸ਼ਾਮਲ ਕਰਨ ਵਾਲੀ ਤਜਵੀਜ (ਪਾਲਿਸੀ) ਲਾਗੂ ਕਰਕੇ ਪੱਕਾ ਰੁਜਗਾਰ ਕਰਨ ਵਾਲੀ ਪ੍ਰਮੁੱਖ ਮੰਗ ਦਾ ਹੱਲ ਕਰਨ ਵਿੱਚ ਪੰਜਾਬ ਸਰਕਾਰ ਅਤੇ ਵਿਭਾਗੀ ਮੈਨੇਜਮੇਟ ਵੱਲੋਂ ਅਣਦੇਖੀ ਕੀਤੀ ਜਾ ਰਹੀ ਹੈ ਉਥੇ ਜਲ ਸਪਲਾਈ ਸਕੀਮਾਂ 'ਤੇ ਸਕਾਡਾ ਸਿਸਟਮ ਲਗਾ ਕੇ, ਨਿੱਜੀਕਰਨ/ਪੰਚਾਇਤੀਕਰਨ ਕਰਨ ਦੀਆਂ ਨੀਤੀਆਂ ਲਾਗੂ ਕਰਕੇ ਵਰਕਰਾਂ ਦੇ ਕੱਚੇ ਪਿੱਲੇ ਰੁਜਗਾਰ ਨੂੰ ਖੋਹ ਕੇ ਬੇਰੁਜਗਾਰ ਕਰਨ ਦੀਆਂ ਨਾਕਾਮ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜਿਸਦੇ ਚਲਦੇ ਵਰਕਰਾਂ ਵੱਲੋਂ ਮਜਬੂਰੀ ਵੱਸ ਆਪਣੇ ਕੱਚੇ-ਪਿੱਲੇ ਰੁਜਗਾਰ ਨੂੰ ਬਚਾਉਣ ਲਈ ਸੰਘਰਸ਼ ਦਾ ਰਸਤਾ ਅਪਣਾਇਆ ਜਾ ਰਿਹਾ ਹੈ।



ਉਨ੍ਹਾਂ ਕਿਹਾ ਕਿ ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ ਦੇ ਪਲੇਟਫਾਰਮ ਤੋਂ ਉਲੀਕੇ ਸੰਘਰਸ਼ ਪ੍ਰੋਗਰਾਮ ਨੂੰ ਲਾਗੂ ਕਰਦੇ ਹੋਏ ਜਲ ਸਪਲਾਈ ਵਿਭਾਗ ਦੇ ਕਾਮੇ ਮਿਤੀ 2, 3 ਅਤੇ 4 ਦਸੰਬਰ 2025 ਨੂੰ ਆਪਣੇ ਕੰਮਾਂ ਨੂੰ ਮੁਕੰਮਲ ਬੰਦ ਕਰਕੇ ਵਿਭਾਗੀ ਦਫਤਰਾਂ ਅੱਗੇ ਲਗਾਤਾਰ ਦਿਨ-ਰਾਤ ਦੇ ਸਾਰੇ ਪੰਜਾਬ ਵਿੱਚ ਸਰਕਲ, ਡਵੀਜਨ ਅਤੇ ਸਬ ਡਵੀਜਨ ਪੱਧਰੀ ਧਰਨੇ ਦੇਣਗੇ। 4 ਦਸੰਬਰ ਨੂੰ ਸਾਰੇ ਪੰਜਾਬ ਵਿੱਚ ਜਲ ਸਪਲਾਈ ਕਾਮੇ ਪਰਿਵਾਰਾਂ ਅਤੇ ਬੱਚਿਆ ਸਮੇਤ ਸ਼ਾਮਿਲ ਹੋਣਗੇ ਅਤੇ ਸ਼ਹਿਰਾਂ ਵਿੱਚ ਰੋਸ਼ ਮਾਰਚ ਕਰਦੇ ਹੋਏ ਡਿਪਟੀ ਕਮਿਸ਼ਰ ਰਾਹੀ ਮੰਗ ਪੱਤਰ ਪੰਜਾਬ ਸਰਕਾਰ ਨੂੰ ਭੇਜੇ ਜਾਣਗੇ। ਜਿਸਦੀ ਤਿਆਰੀ ਲਈ ਜਿਲ੍ਹਾ ਪੱਧਰੀ ਮੀਟਿੰਗ ਕਰਕੇ ਵਰਕਰਾਂ ਨੂੰ ਲਾਮਬੰਦ ਕੀਤਾ ਜਾਵੇਗਾ। ਉਨ੍ਹਾਂ ਮੰਗ ਕੀਤੀ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਇਕ ਵਰਕਰ ਦੇ ਰੂਪ ਵਿਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਮੁਲਾਜਮਾਂ ਦੀਆਂ ਹੱਕੀ ਅਤੇ ਜਾਇਜ ਮੰਗਾਂ ਜਿਵੇਂ ਕਿ ਇਨਲਿਸਟਮੈਂਟ ਅਤੇ ਆਊਟਸੋਰਸ ਠੇਕਾ ਅਧਾਰਿਤ ਮੁਲਾਜਮਾਂ ਨੂੰ ਤਜਰਬੇ ਦੇ ਅਧਾਰ ਤੇ ਸਬੰਧਤ ਵਿਭਾਗ ਵਿਚ ਮਰਜ ਕਰਕੇ ਪੱਕੇ ਰੁਜਗਾਰ ਦਾ ਪ੍ਰਬੰਧ ਕਰਨਾ ਅਤੇ ਜਦੋਂ ਤੱਕ ਪੱਕੇ ਰੁਜਗਾਰ ਦਾ ਪ੍ਰਬੰਧ ਕਰਨ ਵਾਲੀ ਮੰਗ ਦਾ ਹੱਲ ਨਹੀਂ ਕੀਤਾ ਜਾਂਦਾ, ਉਸ ਸਮੇਂ ਤੱਕ ਲੇਬਰ ਐਕਟ 1948 ਅਤੇ 2019 ਵਿਚ 15ਵੀਂ ਲੇਬਰ ਕਮਿਸ਼ਨਰ ਦੀਆਂ ਸਿਫਾਰਸ਼ਾਂ ਅਨੁਸਾਰ ਘੱਟੋਂ-ਘੱਟ ਉਜਰਤ 34244 ਰੁਪਏ ਜਸਸ ਵਿਭਾਗ 'ਚ ਫੀਲਡ ਅਤੇ ਦਫਤਰਾਂ ਵਿੱਚ ਕੰਮ ਕਰਦੇ ਇਨਲਿਸਟਮੈਂਟ/ਆਊਟਸੋਰਸ ਵਰਕਰਾਂ ਤੇ ਲਾਗੂ ਕਰਨਾ। ਵਰਕਰਾਂ ਨੂੰ ਈ.ਪੀ.ਐਫ., ਈ.ਐਸ.ਆਈ. ਸਹੂਲਤਾਂ ਦੇਣਾ। ਕਿਰਤ ਕਾਨੂੰਨ, ਬੋਨਸ ਦਾ ਭੁਗਤਾਨ ਐਕਟ, 1965 ਮੁਤਾਬਿਕ ਆਊਟਸੋਰਸ ਵਰਕਰਾਂ ਨੂੰ 8.33 ਪ੍ਰਤੀਸ਼ਤ ਬੋਨਸ ਤਨਖਾਹ ਦੇ ਨਾਲ ਦੇਣਾ। ਇਨਲਿਸਟਮੈਂਟ ਅਤੇ ਆਊਟਸੋਰਸ ਵਰਕਰ ਜੋਕਿ ਠੇਕਾ ਪ੍ਰਣਾਲੀ ਦਾ ਸੰਤਾਪ ਭੋਗਦੇ ਹੋਏ 58 ਸਾਲ ਉਮਰ ਹੋ ਗਈ ਹੈ, ਉਨ੍ਹਾਂ ਵੱਲੋਂ ਲਗਾਤਾਰ ਦਿੱਤੀਆਂ ਗਈਆਂ ਸੇਵਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਨ੍ਹਾਂ ਕਾਮਿਆਂ ਦੇ ਵਾਰਸਾਂ ਨੂੰ ਵੀ ਪੱਕੀ ਨੌਕਰੀ ਦੇਣਾ। ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਸਰਕਾਰ ਦੇ ਅਧੀਨ ਚੱਲ ਰਹੀਆਂ ਪੇਂਡੂ ਜਲ ਸਪਲਾਈ ਸਕੀਮਾਂ (ਜਲ ਘਰ) ਦਾ ਜਬਰੀ ਪੰਚਾਇਤੀਕਰਨ/ ਪੰਚਾਇਤੀਕਰਨ, ਸਕਾਡਾ ਪ੍ਰਣਾਲੀ ਲਗਾਉਣ ਦੀਆਂ ਨੀਤੀਆਂ ਨੂੰ ਤੁਰੰਤ ਵਾਪਸ ਲੈਣਾ। ਪੰਚਾਇਤਾਂ ਨੂੰ ਹੈਡ ਓਵਰ ਕੀਤੀਆਂ ਜਲ ਸਪਲਾਈ ਸਕੀਮਾਂ ਮੁੜ ਵਿਭਾਗ ਅਧੀਨ ਕਰਨਾ ਆਦਿ ਹੱਕੀ ਤੇ ਜਾਇਜ ਮੰਗਾਂ ਹਨ, ਦਾ ਹੱਲ ਕਰਵਾਉਣ ਤੱਕ ਜੱਥੇਬੰਦੀ ਵੱਲੋਂ ਪੂਰਅਮਨ ਢੰਗ ਨਾਲ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਇਸ ਮੀਟਿੰਗ ਵਿਚ ਉਪਰੋਕਤ ਆਗੂਆਂ ਤੋਂ ਇਲਾਵਾ ਸੂਬਾ ਸੀਨੀਅਰ ਮੀਤ ਪ੍ਰਧਾਨ ਹਾਕਮ ਸਿੰਘ ਧਨੇਠਾ, ਸੂਬਾ ਖਜਾਨਚੀ ਰੁਪਿੰਦਰ ਸਿੰਘ ਫਿਰੋਜਪੁਰ, ਮੀਤ ਪ੍ਰਧਾਨ ਭੁਪਿੰਦਰ ਸਿੰਘ ਕੁਤਬੇਵਾਲ, ਸੂਬਾ ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਵਾਲਾ, ਜੁਆਇਟ ਪ੍ਰੈਸ ਸਕੱਤਰ ਜਸਵੀਰ ਸਿੰਘ ਸੀਰਾ, ਗੁਰਵਿੰਦਰ ਸਿੰਘ, ਤਜਿੰਦਰ ਸਿੰਘ ਮਾਨ, ਮੇਜਰ ਸਿੰਘ ਮੋਹਾਲੀ ਮੌਜੂਦ ਸਨ।

# ਧਰਮਿੰਦਰ ਦਾ ਜਾਣਾ ਬਾਲੀਵੁੱਡ ਦੇ ਇੱਕ ਯੁੱਗ ਦਾ ਖਤਮ ਹੋਣਾ - ਅਸ਼ੋਕ ਧੀਰ

### ਅਦਾਕਾਰ ਦੇ ਨਾਲ-ਨਾਲ ਇੱਕ ਬੇਹੱਦ ਭਾਵੁਕ ਅਤੇ ਮਿਲਣਸਾਰ , ਮਦਦਗਾਰ ਇਨਸਾਨ ਸਨ ਧਰਮਿੰਦਰ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਫਿਲਮੀ ਅਦਾਕਾਰ ਧਰਮਿੰਦਰ ਦਾ ਜਾਣਾ ਇੱਕ ਯੁੱਗ ਦੇ ਅੰਤ ਹੋਣ ਬਰਾਬਰ ਹੈ । ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਵਪਾਰੀ ਆਗੂ ਅਤੇ ਸਮਾਜ ਸੇਵੀ ਅਸ਼ੋਕ ਧੀਰ ਨੇ ਕੀਤਾ । ਉਹਨਾਂ ਆਖਿਆ ਕਿ ਧਰਮਿੰਦਰ ਨੇ ਇਹ ਸਾਬਿਤ ਕੀਤਾ ਕਿ ਇੱਕ ਆਮ ਘਰ ਤੋਂ ਉੱਠ ਕੇ ਕੋਈ ਆਪਣੀ ਅਦਾਕਾਰੀ ਦਾ ਲੋਹਾ ਪੂਰੀ ਦੁਨੀਆ ਤੇ ਮਨਵਾ ਸਕਦਾ ਹੈ । ਧੀਰ ਨੇ ਆਖਿਆ ਕਿ ਜਦੋਂ ਧਰਮਿੰਦਰ 1956 'ਚ ਮਲੇਰਕੋਟਲੇ ਨੌਕਰੀ ਲਈ ਗਏ ਤਾਂ ਉਹ ਉਹਨਾਂ ਦੇ ਦਾਦਾ ਬਲੀ ਰਾਮ ਦੇ ਘਰ ਦੋ ਸਾਲ ਰਹੇ ਅਤੇ ਜਦੋਂ ਵੀ ਉਹ ਬੰਬਈ ਜਾਂਦੇ ਸਨ ਤਾਂ ਧਰਮਿੰਦਰ ਗਰਮਜੋਸ਼ੀ ਨਾਲ ਉਹਨਾਂ ਨੂੰ ਮਿਲਦੇ ਸਨ ਜਿਸ ਨਾਲ ਇੱਕ ਦੋਸਤਾਨਾ ਸੰਬੰਧ ਬਣ ਗਿਆ ਸੀ। ਅਸ਼ੋਕ ਨੇ ਆਖਿਆ ਕਿ ਚਲੇ ਤਾਂ ਸਭ ਨੇ ਦੁਨੀਆਂ ਤੋਂ ਜਾਣਾ ਹੈ ਪਰ ਧਰਮਿੰਦਰ ਦੀ ਦਰਿਆਦਿਲੀ ਦੀਆਂ ਗੱਲਾਂ ਸਦੀਆਂ ਤੱਕ ਯਾਦ ਰੱਖੀਆਂ ਜਾਣਗੀਆਂ ।



# ਮਰਹੂਮ ਵਜੀਰ ਚੰਦ ਵਜੀਦਕੇ ਦੀ ਪੋਤਰੀ ਦਾ ਅਚਾਨਕ ਦੇਹਾਂਤ

### ਮਹਿਲ ਕਲਾਂ ਦੀ 13 ਸਾਲਾਂ ਰਾਧਿਕਾ ਜਿੰਦਲ ਦਾ ਦਿਲ ਦਾ ਦੌਰਾ ਪੈਣ ਨਾਲ ਅਚਾਨਕ ਦੇਹਾਂਤ, ਖੇਤਰ ਵਿੱਚ ਮਾਤਮ

**ਮਹਿਲ ਕਲਾਂ (ਗੁਰਭਿੰਦਰ ਸਿੰਘ ਗੁਰੀ)** ਅੱਜ ਸਵੇਰੇ ਸਾਰੇ ਖੇਤਰ ਨੂੰ ਹਿਲਾ ਦੇਣ ਵਾਲੀ ਦੁੱਖਦਾਈ ਖ਼ਬਰ ਆਈ ਕਿ ਜਿੰਦਲ ਪਰਿਵਾਰ ਦੀ ਲਾਡਲੀ ਬੇਟੀ ਰਾਧਿਕਾ ਜਿੰਦਲ (ਉਮਰ 13 ਸਾਲ) ਦਾ ਬੀਤੀ ਰਾਤ ਦਿਲ ਦਾ ਦੌਰਾ ਪੈਣ ਨਾਲ ਦੇਹਾਂਤ ਹੋ ਗਿਆ। ਰਾਧਿਕਾ ਮਰਹੂਮ ਆਗੂ ਵਜੀਰ ਚੰਦ ਵਜੀਦਕੇ ਦੀ ਪੋਤਰੀ, ਜਿੰਦਲ ਇੰਟਰਪ੍ਰਾਈਜ ਮਹਿਲ ਕਲਾਂ ਦੇ ਮਾਲਕ ਰਜਿੰਦਰ ਕੁਮਾਰ ਜਿੰਦਲ ਦੀ ਹੋਣਹਾਰ ਬੇਟੀ ਅਤੇ ਪ੍ਰਸਿੱਧ ਕਾਰੋਬਾਰੀ ਹਰਵਿੰਦਰ ਕੁਮਾਰ ਜਿੰਦਲ ਦੀ ਪਿਆਰੀ ਭਤੀਜੀ ਸੀ। ਨੌਜਵਾਨ ਉਮਰ ਵਿੱਚ ਇਸ ਅਚਾਨਕ ਘਟਨਾ ਨੇ ਨਾ ਸਿਰਫ਼ ਪਰਿਵਾਰ ਨੂੰ, ਸਗੋਂ ਸਾਰੇ ਇਲਾਕੇ ਨੂੰ ਗਮ ਵਿੱਚ ਡੁੱਬੋ ਦਿੱਤਾ ਹੈ। ਸਾਰੀ ਰਾਤ ਤੋਂ ਜਿੰਦਲ ਪਰਿਵਾਰ ਦੇ ਘਰ ਲੋਕਾਂ ਦੀ ਭੀੜ ਲੱਗੀ ਰਹੀ, ਜਿੱਥੇ ਹਰ ਕੋਈ ਦੁੱਖ-ਸਹਾਨਭੂਤੀ ਪ੍ਰਗਟ ਕਰਦਾ ਨਜ਼ਰ ਆਇਆ।



ਪਰਿਵਾਰਕ ਸਰੋਤਾਂ ਮੁਤਾਬਕ ਰਾਧਿਕਾ ਕੁਝ ਸਮਾਂ ਪਹਿਲਾਂ ਤੱਕ ਬਿਲਕੁਲ ਸਿਹਤਮੰਦ ਸੀ, ਪਰ ਅਚਾਨਕ ਤਬੀਅਤ ਬਿਗੜਣ 'ਤੇ ਉਸ ਨੂੰ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰੀ ਟੀਮ ਉਸ ਨੂੰ ਬਚਾ ਨਾ ਸਕੀ।

ਇਲਾਕੇ ਦੀਆਂ ਸਮਾਜਿਕ, ਰਾਜਨੀਤਕ ਅਤੇ ਵਪਾਰਕ ਹਸਤੀਆਂ ਨੇ ਜਿੰਦਲ ਪਰਿਵਾਰ ਲਈ ਦਿਲੀ ਸੰਵੇਦਨਾਵਾਂ ਭੇਜੀਆਂ ਹਨ। ਲੋਕਾਂ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਹੋਈ ਆਤਮਾ ਨੂੰ ਆਪਣੇ ਚਰਨਾਂ ਵਿੱਚ ਸਦਾ ਲਈ ਨਿਵਾਸ ਦੇਵੇ ਅਤੇ ਪਰਿਵਾਰ ਨੂੰ ਹੌਸਲਾ ਬਖ਼ਸ਼ੇ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# 2 ਮੋਟਰਸਾਈਕਲ ਸਵਾਰ 50 ਨਸ਼ੀਲੀ ਗੋਲੀਆਂ ਸਮੇਤ ਕਾਬੂ

**ਬਲਾਚੌਰ (ਜਤਿੰਦਰਪਾਲ ਸਿੰਘ ਕਲੇਰ )** ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਦੇ ਐਸ ਐਸ ਪੀ ਤੁਸ਼ਾਰ ਗੁਪਤਾ ਵਲੋਂ ਜਾਰੀ ਦਿਸ਼ਾ ਨਿਰਦੇਸ਼ਾ ਦੀ ਇਨ ਬਿੰਨ ਪਾਲਣਾ ਕਰਦੇ ਹੋਏ ਥਾਣਾ ਬਲਾਚੌਰ ਸਦਰ ਪੁਲਿਸ ਨੇ 2 ਮੋਟਰਸਾਈਕਿਲ ਸਵਾਰ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 50 ਨਸ਼ੀਲੀਆ ਗੋਲੀਆ ਬਰਾਮਦ ਕੀਤੀਆ । ਪੁਲਿਸ ਨੇ ਕਥਿਤ ਆਰੋਪੀ ਦੇ ਖਿਲਾਫ ਐਨਡੀਪੀਐਸ ਐਕਟ ਦੇ ਅਧੀਨ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ।ਮਾਮਲੇ ਦੇ ਜਾਂਚ ਅਧਿਕਾਰੀ ਐਸਐਚਓ ਬਲਾਚੌਰ ਸਬ ਇੰਸੈਪਕਟਰ ਬਿਕਰਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਅਗੁਵਾਈ ਵਿਚ ਪੁਲਿਸ ਪਾਰਟੀ ਬੰਦ ਟੋਲ ਪਲਾਜ਼ਾ ਮਜਾਰੀ ਵਿਖੇ ਨਾਕਾ



ਲਗਾਇਆ ਹੋਇਆ ਸੀ ਇਸੇ ਦੌਰਾਨ 2 ਮੋਟਰਸਾਈਕਲ ਸਵਾਰ ਵਿਆਕਤੀ ਪੁਲਿਸ ਪਾਰਟੀ ਨੂੰ ਦੇਖਕੇ ਕੇ ਘਬਰਾ ਗਏ ਇਕ ਦਮ ਪਿੱਛੇ ਨੂੰ ਮੁੜਨ ਲੱਗੇ ਤਾਂ ਪੁਲਿਸ ਨੇ ਸ਼ੱਕ ਦੇ ਆਧਾਰ ਤੇ ਉਕਤ ਵਿਆਕਤੀਆ ਨੂੰ ਕਾਬੂ ਕਰਕੇ ਜਦੋਂ ਉਨ੍ਹਾਂ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ 50 ਨਸ਼ੀਲੀ ਗੋਲੀਆ ਬਰਾਮਦ ਹੋਈਆ । ਉਨ੍ਹਾਂ ਦੱਸਿਆ ਕਿ ਕਾਬੂ ਕੀਤੇ ਕਥਿਤ ਆਰੋਪੀਆ ਦੀ ਪਹਿਚਾਣ ਵਿਸ਼ਾਲ ਲੀਲ ਉਰਫ ਸ਼ਾਲੂ ਪੁੱਤਰ ਹਰਜਿੰਦਰ ਸਿੰਘ ਵਾਸੀ ਰਵੀਦਾਸ ਮੁਹੱਲਾ ਰੱਤੇਵਾਲ ਅਤੇ ਗੁਰਭੇਜ ਸਿੰਘ ਉਰਫ ਭੇਜੂ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਰੱਕੜਾਂ ਬੇਟ ਥਾਣਾ ਬਲਾਚੌਰ ਦੇ ਰੂਪ ਵਿੱਚ ਹੋਈ । ਉਨ੍ਹਾਂ ਦੱਸਿਆ ਕਿ ਦੋਨਾਂ ਕਥਿਤ ਆਰੋਪੀਆ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਿਲ ਕੀਤਾ ਜਾਵੇਗਾ ।

# ਐਸਕੇਐਮ ਦੇ ਚੰਡੀਗੜ੍ਹ ਚਲੋ ਪ੍ਰੋਗਰਾਮ ਦੇ ਵਿੱਚ ਵੱਡੀ ਗਿਣਤੀ ਵਿੱਚ ਜਥਾ ਹੋਵੇਗਾ ਰਵਾਨਾ: ਬੀਕੇਯੂ ਲੱਖੋਵਾਲ ਡੇਰਾਬੱਸੀ

**ਡੇਰਾਬੱਸੀ (ਸੰਜੀਵ ਸਿੰਘ ਸੈਣੀ)** ਸੰਯੁਕਤ ਕਿਸਾਨ ਮੋਰਚੇ ਵੱਲੋਂ ਕਿਸਾਨ ਅੰਦੋਲਨ ਦੀ ਪੰਜਵੀਂ ਵਰੇ ਗੰਢ ਮੌਕੇ 26 ਨਵੰਬਰ ਨੂੰ ਚੰਡੀਗੜ੍ਹ ਚਲੋ ਪ੍ਰੋਗਰਾਮ ਦਾ ਇੱਕ ਵੱਡਾ ਵਿਸਾਲ ਇਕੱਠ ਦਾ ਪ੍ਰੋਗਰਾਮ ਉਲੀਕਿਆ ਹੈ ਚੰਡੀਗੜ੍ਹ ਹੋਣ ਵਾਲੇ ਇਸ ਪ੍ਰੋਗਰਾਮ ਦੇ ਬਾਰੇ ਜਥੇਬੰਦੀ ਦੇ ਦੱਪਰ ਦਫ਼ਤਰ ਵਿਖੇ ਹੋਈ ਇਕ ਮੀਟਿੰਗ ਵਿੱਚ ਸੂਬਾ ਕਾਰਜਕਾਰਨੀ ਮੈਂਬਰ ਮਨਪ੍ਰੀਤ ਸਿੰਘ ਅਮਲਾਲਾ ਨੇ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਚੰਡੀਗੜ੍ਹ ਵਿਖੇ ਹੋਣ ਵਾਲੇ ਇਸ ਪ੍ਰੋਗਰਾਮ ਦੇ ਵਿੱਚ ਸੰਯੁਕਤ ਕਿਸਾਨ ਮੋਰਚਾ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਰਹਿੰਦੀਆਂ ਮੁੱਖ ਮੰਗਾਂ ਦੀਆਂ ਜਿਵੇਂ ਕਿ ਕੇਂਦਰ ਵੱਲੋਂ ਦਿੱਲੀ ਅੰਦੋਲਨ ਦੇ ਵੇਲੇ ਦੀਆਂ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਵਾਉਣ ਬਿਜਲੀ ਸੋਧ ਬਿਲ 2025 ਨੂੰ ਰੱਦ ਕਰਵਾਉਣਾ ਹੜ ਪੀੜਤਾਂ ਦੀਆਂ ਮੰਗਾਂ ਮਨਵਾਉਣ ਅਤੇ ਹੜ ਰੋਕਣ ਦੇ ਲਈ ਪੱਕੇ ਪ੍ਰਬੰਧ ਕਰਵਾਉਣਾ ਟੈਕਸ ਮੁਕਤ ਵਪਾਰ ਸਮਝੌਤੇ ਦਾ ਵਿਰੋਧ ਕਰਨਾ ਗੰਨਾ ਉਤਪਾਦਕ ਕਿਸਾਨਾਂ ਦੀਆਂ ਮੰਗਾਂ ਮਨਵਾਉਣਾ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਸੈਨਟ ਦੀਆਂ ਚੋਣਾਂ ਦੀ ਬਹਾਲੀ ਕਰਵਾਉਣਾ ਆਦਿ ਹਨ ਸ੍ਰੀ ਮਨਪ੍ਰੀਤ ਸਿੰਘ ਅਮਲਾਲਾ ਨੇ ਦੱਸਿਆ ਕਿ ਕੇਂਦਰ ਸਰਕਾਰ ਸੰਵਿਧਾਨ ਦੇ 131 ਸੋਧ ਬਿਲ ਵਿਚ ਚੰਡੀਗੜ੍ਹ ਨੂੰ ਧਾਰਾ 240 ਵਿੱਚ ਸ਼ਾਮਿਲ ਕੀਤਾ ਜਾ ਰਿਹਾ ਜਿਸ ਦਾ ਕਿ ਸਿੱਧਾ ਸਿੱਧਾ ਅਸਰ ਪੰਜਾਬ ਉੱਤੇ ਪੈ ਰਿਹਾ ਹੈ ਇਸ ਦੇ ਨਾਲ ਪੰਜਾਬ ਦੇ ਰਾਜਪਾਲ ਨੂੰ ਚੰਡੀਗੜ੍ਹ ਦੇ ਪ੍ਰਸ਼ਾਸਕ ਵਜੋਂ ਨਿਯੁਕਤ ਨਹੀਂ ਕੀਤਾ ਜਾਵੇਗਾ ਜਿਸ ਕਾਰਨ ਪੰਜਾਬ ਦਾ ਹੱਕ ਚੰਡੀਗੜ੍ਹ ਤੋਂ ਪੂਰੀ ਤਰ੍ਹਾਂ ਨਾਲ ਸਮਾਪਤ ਹੋ ਜਾਵੇਗਾ ਸ੍ਰੀ ਅਮਲਾਲਾ ਨੇ ਦੱਸਿਆ ਕਿ ਹੈ



ਕੇਂਦਰ ਸਰਕਾਰ ਵੱਲੋ ਚੰਡੀਗੜ੍ਹ ਯੂਨੀਵਰਸਿਟੀ ਬਾਰੇ ਦਿੱਤੇ ਗਏ ਬਿਆਨ ਨੂੰ ਨੀਰਾਧਰ ਝੂਠ ਦੱਸਿਆ ਅਤੇ ਇਸ ਨੂੰ ਪੰਜਾਬ ਨਾਲ ਕੋਝਾ ਮਜਾਕ ਕਰਾਰ ਦਿੱਤਾ ਸ੍ਰੀ ਅਮਲਾਲਾ ਨੇ 26 ਨਵੰਬਰ ਨੂੰ ਹੋਣ ਵਾਲੇ ਇਸ ਇਕੱਠ ਵਿੱਚ ਜਥੇਬੰਦੀ ਦੇ ਸਾਰੇ ਮੈਂਬਰ ਵਰਕਰ ਅਹੁਦੇਦਾਰਾਂ ਅਤੇ ਧਾਰਮਿਕ ਅਤੇ ਸਮਾਜ ਸੇਵੀ ਜਥੇਬੰਦੀਆਂ ਨੂੰ ਵੱਧ ਚੜ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਮੀਟਿੰਗ ਵਿੱਚ ਇਸ ਮੌਕੇ ਸ੍ਰੀ ਅਮਲਾਲਾ ਤੋਂ ਇਲਾਵਾ ਹਰੀ ਸਿੰਘ ਬਹੋੜਾ ਨਿੱਕਾ ਸਿੰਘ ਝਰਮੜੀ ਕੇਹਰ ਸਿੰਘ ਜੜਿਆਲਾ ਹਰਪਾਲ ਸਿੰਘ ਚੌਂਦਹੇੜੀ ਲਾਲ ਸਿੰਘ ਚੜਿਆਲਾ ਜਗਤਾਰ ਸਿੰਘ ਜਵਾਹਰਪੁਰ ਗੁਲਾਬ ਸਿੰਘ ਬੈਰ ਮਾਜਰਾ ਰਾਮ ਸਿੰਘ ਜੰਡਲੀ ਸਮੇਤ ਕਿਸਾਨ ਕਿਸਾਨ ਵੀਰ ਹਾਜ਼ਰ ਸਨ।

# ਰਖੇਜਾ ਸੰਨਜ਼ ਵੱਲੋਂ ਆਯੋਜਿਤ ਜੈਕ ਕੰਪਨੀ ਦੀ 30ਵੀਂ ਵਰ੍ਹੇਗੰਢ ਦੇ ਮੌਕੇ 'ਤੇ ਨਵੀਂ ਓਵਰਲਾਕ ਮਸ਼ੀਨ C5C ਲਾਂਚ ਕੀਤੀ ਗਈ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਦੁਨੀਆਂ ਦੀ ਸਭ ਤੋਂ ਵੱਡੀ ਸਿਲਾਈ ਮਸ਼ੀਨ ਨਿਰਮਾਤਾ ਕੰਪਨੀ ਜੈਕ ਨੇ ਅੱਜ ਲੁਧਿਆਣਾ ਦੇ ਫਿਰੋਜ਼ਪੁਰ ਰੋਡ 'ਤੇ ਨਾਗਪਾਲ ਰੀਜੈਂਸੀ ਹੋਟਲ ਵਿਖੇ ਆਪਣੀ 30ਵੀਂ ਵਰ੍ਹੇਗੰਢ ਮਨਾਉਣ ਲਈ ਇੱਕ ਦਾਅਵਤ ਦਾ ਆਯੋਜਨ ਕੀਤਾ ਅਤੇ ਆਪਣਾ ਨਵਾਂ ਮਾਡਲ, ਛ5ਛ (ਪੂਰੀ ਤਰ੍ਹਾਂ ਕੰਪਿਊਟਰਾਈਜ਼ਡ ਓਵਰਲਾਕ ਮਸ਼ੀਨ) ਲਾਂਚ ਕੀਤਾ।

ਮਸ਼ੀਨ ਲਾਂਚ ਕਰਨ ਤੋਂ ਬਾਅਦ, ਸਮਾਗਮ ਦੇ ਮੁੱਖ ਮਹਿਮਾਨ, ਭਾਰਤੀ ਜਨਤਾ ਪਾਰਟੀ ਦੇ ਸੂਬਾ ਜਨਰਲ ਸਕੱਤਰ ਸ਼੍ਰੀ ਅਨਿਲ ਸਰੀਨ ਨੇ ਕਿਹਾ ਕਿ ਜੈਕ ਦੁਨੀਆਂ ਦੀ ਇੱਕੋ ਇੱਕ ਕੰਪਨੀ ਹੈ ਜੋ ਹਰ ਛੇ ਮਹੀਨਿਆਂ ਵਿੱਚ ਇੱਕ ਨਵਾਂ ਉਤਪਾਦ ਲਾਂਚ ਕਰਦੀ ਹੈ, ਜੋ ਨਵੀਆਂ ਵਿਸ਼ੇਸ਼ਤਾਵਾਂ ਨਾਲ ਲੈਸ ਹੈ। ਜੈਕ ਦਾ ਨਵਾਂ ਮਾਡਲ ਛ5ਛ ਬਹੁਤ ਆਧੁਨਿਕ ਅਤੇ ਕਾਰਜਸ਼ੀਲ ਹੈ, ਜਿਸ ਵਿੱਚ ਗੈਂਡੇ ਦੀ ਖੁਰਾਕ ਅਤੇ ਆਟੋ-ਟ੍ਰਿਮਿੰਗ ਦੀ ਵਿਸ਼ੇਸ਼ਤਾ ਹੈ।

ਕੱਪੜਾ ਨਿਰਮਾਤਾਵਾਂ ਲਈ ਇੱਕ ਵੱਡੀ ਸਮੱਸਿਆ ਓਵਰਲਾਕਿੰਗ ਦੌਰਾਨ ਵਾਰ-ਵਾਰ ਧਾਗੇ ਦਾ ਟੁੱਟਣਾ ਹੈ, ਜੋ ਕਿ ਇਸ ਮਸ਼ੀਨ ਦੀ ਸ਼ੁਰੂਆਤ ਨਾਲ ਲਗਭਗ ਖਤਮ ਹੋ ਜਾਵੇਗਾ। ਪ੍ਰੋਗਰਾਮ ਦੇ ਵਿਸ਼ੇਸ਼ ਮਹਿਮਾਨ, ਸੀਨੀਅਰ ਪੱਤਰਕਾਰ ਸ਼੍ਰੀ ਵੈਵਸਤ ਵੈਂਕਟ, ਨੇ ਜੈਕ ਨੂੰ 30 ਸਾਲ ਪੂਰੇ ਕਰਨ ਅਤੇ ਦੁਨੀਆਂ ਦਾ ਨੰਬਰ ਇੱਕ ਸਿਲਾਈ ਮਸ਼ੀਨ ਨਿਰਮਾਤਾ ਬਣਨ 'ਤੇ



ਵਧਾਈ ਦਿੱਤੀ।

ਜੈਕ ਦੇ ਪੰਜਾਬ ਮੈਨੇਜਰ, ਵਿਕਾਸ ਪਾਂਡੇ, ਨੇ ਕਿਹਾ ਕਿ ਜੈਕ ਇਕਲੌਤਾ ਸਿਲਾਈ ਮਸ਼ੀਨ ਨਿਰਮਾਤਾ ਹੈ ਜੋ ਟੈਕਸਟਾਈਲ ਉਦਯੋਗ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਖੋਜ ਅਤੇ ਉਤਪਾਦ ਵਿਕਾਸ 'ਤੇ ਆਪਣੇ ਕੁੱਲ ਮਾਲੀਏ ਦਾ ਇੱਕ ਮਹੱਤਵਪੂਰਨ ਹਿੱਸਾ ਖਰਚ ਕਰਦਾ ਹੈ। ਜੈਕ ਦਾ ਉਤਪਾਦ, ਛ5ਛ ਮਾਡਲ, ਇਸ ਐਪੀਸੋਡ ਵਿੱਚ ਬਹੁਤ ਲਾਭਦਾਇਕ ਸਾਬਤ ਹੋਵੇਗਾ, ਕਿਉਂਕਿ ਇਹ ਨਵੀਨਤਮ ਤਕਨਾਲੋਜੀ ਦੀ ਵਰਤੋਂ ਕਰਦਾ ਹੈ, ਜਿਸਦੇ ਨਤੀਜੇ ਵਜੋਂ ਕੱਪੜਾ ਨਿਰਮਾਤਾਵਾਂ ਨੂੰ ਛ5ਛ ਦੀ ਵਰਤੋਂ ਕਰਕੇ ਸਾਲਾਨਾ ₹4,500 ਤੋਂ ਵੱਧ ਦਾ ਲਾਭ ਹੁੰਦਾ ਹੈ। ਇਵੈਂਟ ਆਰਗੇਨਾਈਜ਼ਰ ਰਹੇਜਾ ਸੰਨਜ਼ ਦੇ ਮਾਲਕ ਵਰਿੰਦਰ ਰਹੇਜਾ ਨੇ ਕਿਹਾ ਕਿ ਇਹ ਮਾਡਲ ਜੈਕ ਦਾ ਹੁਣ ਤੱਕ ਦਾ ਸਭ ਤੋਂ ਵਧੀਆ ਹੈ ਕਿਉਂਕਿ ਇਹ ਕੰਪ੍ਰੈਸਰ ਦੀ ਵਰਤੋਂ ਕੀਤੇ ਬਿਨਾਂ ਆਪਣੇ ਆਪ ਧਾਗੇ ਨੂੰ ਕੱਟਦਾ ਹੈ ਅਤੇ ਓਵਰਲਾਕ ਦੇ ਸ਼ੁਰੂ ਅਤੇ ਅੰਤ ਵਿੱਚ ਆਪਣੇ ਆਪ ਟਾਂਕਿਆਂ ਨੂੰ ਸੁਰੱਖਿਅਤ ਕਰਦਾ ਹੈ।

ਜੈਸਨਜ਼ ਇੰਡੀਆ ਦੇ ਡਾਇਰੈਕਟਰ, ਸਿਧਾਂਤ ਜੈਨ, ਪੰਜਾਬ ਖੇਤਰ ਲਈ ਜੈਕ ਦੇ ਅਧਿਕਾਰਤ ਵਿਤਰਕ, ਨੇ ਜੈਕ ਦੇ ਆਟੋਮੇਸ਼ਨ ਅਤੇ ਆਧੁਨਿਕ ਹਿੱਸਿਆਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ। ਪ੍ਰੋਗਰਾਮ ਕੋਆਰਡੀਨੇਟਰ ਰਜਨੀਸ਼ ਜੈਨ ਅਤੇ ਅਭਿਨਵ ਰਹੇਜਾ ਨੇ ਸਾਰੇ ਮਹਿਮਾਨਾਂ ਨੂੰ ਗੁਲਦਸਤੇ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਦਾਅਵਤ ਵਿੱਚ ਸ਼ਾਮਲ ਹੋਣ ਵਾਲੇ ਕੱਪੜਾ ਨਿਰਮਾਤਾਵਾਂ ਲਈ ਇੱਕ ਓਵਰਲਾਕ ਮੁਕਾ-ਬਲਾ ਵੀ ਆਯੋਜਿਤ ਕੀਤਾ ਗਿਆ, ਜਿਸ ਵਿੱਚ 50 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ। ਮੁਕਾਬਲੇ ਦੇ ਅੰਤ ਵਿੱਚ, ਜੈਕ ਕੰਪਨੀ ਨੇ ਤਿੰਨ ਮੁੱਖ ਜੇਤੂਆਂ ਨੂੰ ਸ਼ਾਨਦਾਰ ਇਨਾਮ ਅਤੇ ਬਾਕੀ ਸਾਰੇ ਭਾਗੀਦਾਰਾਂ ਨੂੰ ਹੌਸਲਾ ਇਨਾਮ ਦਿੱਤੇ।

ਲੁਧਿਆਣਾ ਦੀਆਂ ਕਈ ਕੱਪੜਾ ਨਿਰਮਾਣ ਕੰਪਨੀਆਂ ਦੇ ਪ੍ਰਤੀਨਿਧੀ, ਜਿਨ੍ਹਾਂ ਵਿੱਚ ਰਾਕੇਸ਼ ਜੈਨ, ਦਰਵੇਸ਼ ਕੁਮਾਰ, ਕਰਨ ਪੰਵਾਰ, ਹਰਪ੍ਰੀਤ ਸਿੰਘ, ਪੰਕਜ ਬਿਸ਼ਟ, ਦੀਪਕ ਕੁਮਾਰ, ਧਨੰਜੈ ਸਿੰਘ, ਰਿੰਕੂ ਸਿੰਘ, ਹਰਦੀਪ ਸਿੰਘ, ਪੰਕਜ ਸ਼ਰਮਾ, ਸੰਜੇ ਕੁਮਾਰ ਸ਼ਾਮਲ ਸਨ, ਇਸ ਸਮਾਗਮ ਵਿੱਚ ਮੌਜੂਦ ਸਨ।

# ਮਨਿਸਟਰੀ ਆਫ ਕਲਚਰ ਭਾਰਤ ਸਰਕਾਰ ਵਲੋਂ ਆਯੋਜਿਤ 15 ਦਿਨਾਂ ਟ੍ਰੇਨਿੰਗ ਤੋਂ ਪਰਤੇ ਅਧਿਆਪਕ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐਲੀਮੈਂਟਰੀ ) ਵੱਲੋਂ ਸਨਮਾਨਿਤ

**ਜ਼ਿਲ੍ਹੇ ਦੇ ਸਮੂਹ ਅਧਿਆਪਕਾਂ ਨਾਲ ਟ੍ਰੇਨਿੰਗ ਦੌਰਾਨ ਹਾਸਲ ਕੀਤੇ ਤਜ਼ਰਬੇ ਸਾਂਝੇ ਕੀਤੇ ਜਾਣ - ਮਮਤਾ ਬਜਾਜ**



**ਮਨਿਸਟਰੀ ਆਫ ਕਲਚਰ ਭਾਰਤ ਸਰਕਾਰ ਵਲੋਂ ਆਯੋਜਿਤ 15 ਦਿਨਾਂ ਟ੍ਰੇਨਿੰਗ ਤੋਂ ਪਰਤੇ ਅਧਿਆਪਕਾਂ ਨੂੰ ਸਨਮਾਨਿਤ ਕਰਦੇ ਹੋਏ ਜ਼ਿਲ੍ਹਾ ਸਿੱਖਿਆ ਅਧਿਕਾਰੀ ਸ੍ਰੀ ਮਤੀ ਮਮਤਾ ਬਜਾਜ।**

**ਕਪੂਰਥਲਾ ( ਵਿਸ਼ੇਸ਼ ਪ੍ਰਤੀਨਿਧ )**-ਸੀ ਸੀ ਆਰ ਟੀ ਮਨਿਸਟਰੀ ਆਫ ਕਲਚਰ ਭਾਰਤ ਸਰਕਾਰ ਵਲੋਂ ਆਯੋਜਿਤ 15 ਦਿਨਾਂ ਟ੍ਰੇਨਿੰਗ ਤੋਂ ਵਾਪਿਸ ਪਰਤੇ ਕਪੂਰਥਲਾ ਜ਼ਿਲ੍ਹੇ ਦੇ 5 ਅਧਿਆਪਕਾਂ ਨੂੰ ਜ਼ਿਲ੍ਹਾ ਸਿੱਖਿਆ ਅਧਿਕਾਰੀ ਐਲੀਮੈਂਟਰੀ ਸ੍ਰੀ ਮਤੀ ਮਮਤਾ ਬਜਾਜ ਦੁਆਰਾ ਵਿਸ਼ੇਸ਼ ਤੌਰ ਉੱਤੇ ਸਨਮਾਨਿਤ ਕੀਤਾ ਗਿਆ। ਜ਼ਿਲ੍ਹਾ ਕਪੂਰਥਲਾ ਤੋਂ 5 ਅਧਿਆਪਕਾਂ ਜਿਹਨਾਂ ਵਿੱਚ ਹਰਜਿੰਦਰ ਸਿੰਘ ਨਾਂਗਲੂ , ਹਰਮਿੰਦਰ ਸਿੰਘ ਜੋਸਨ, ਕੁਲਦੀਪ ਚੰਦ ਬੂਸੋਵਾਲ, ਕਰਮਜੀਤ ਗਿੱਲ ਅਤੇ ਸਰਬਜੀਤ ਸਿੰਘ ਭਗਤਪੁਰ ਆਦਿ ਹੈਦਰਾਬਾਦ ਵਿਖੇ ਸੀ ਸੀ ਆਰ ਟੀ ਮਨਿਸਟਰੀ ਆਫ ਕਲਚਰ ਭਾਰਤ ਸਰਕਾਰ ਵਲੋਂ ਆਯੋਜਿਤ 15 ਦਿਨਾਂ ਦੀ ਟ੍ਰੇਨਿੰਗ ਲੈਣ ਲਈ ਗਏ ਸਨ ਅਤੇ ਬੀਤੇ ਕੱਲ੍ਹ ਹੀ ਆਪਣੀ ਟ੍ਰੇਨਿੰਗ ਮੁਕੰਮਲ ਕਰਕੇ ਵਾਪਿਸ ਆਏ ਸਨ। ਇਸ ਦੌਰਾਨ ਜ਼ਿਲ੍ਹਾ ਸਿੱਖਿਆ ਅਧਿਕਾਰੀ ਸ੍ਰੀ ਮਤੀ ਮਮਤਾ ਬਜਾਜ ਨੇ ਉਕਤ ਅਧਿਆਪਕਾਂ ਨੂੰ ਸਨਮਾਨਿਤ ਕਰਨ ਉਪਰੰਤ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ ਕਿ ਸੀ ਸੀ ਆਰ ਟੀ ਮਨਿਸਟਰੀ ਆਫ ਕਲਚਰ ਭਾਰਤ ਸਰਕਾਰ ਵਲੋਂ ਆਯੋਜਿਤ ਟ੍ਰੇਨਿੰਗ ਵਿੱਚ ਪੰਜਾਬ ਦੀ ਅਗਵਾਈ ਹੈਦਰਾਬਾਦ ਵਿਚ ਕਰਨ ਲਈ ਕੁੱਲ 10 ਅਧਿਆਪਕਾਂ ਵਿੱਚੋਂ ਜ਼ਿਲ੍ਹਾ ਕਪੂਰਥਲਾ ਤੋਂ 5 ਅਧਿਆਪਕ ਚੁਣੇ ਗਏ ਹਨ। ਉਹਨਾਂ ਟ੍ਰੇਨਿੰਗ ਵਿੱਚੋਂ ਵਾਪਸ ਆਏ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਜ਼ਿਲ੍ਹੇ ਵਿਚ ਵੀ ਟ੍ਰੇਨਿੰਗ ਦੌਰਾਨ ਹਾਸਲ ਕੀਤੇ ਤਜ਼ਰਬਿਆਂ ਨੂੰ ਅਧਿਆਪਕਾਂ ਨਾਲ ਸਾਂਝਾ ਕਰਨ।

# ਸੰਗਰੂਰ ਰੈਲੀ ਹੋਵੇਗੀ ਇਤਿਹਾਸਿਕ : ਹਰਜੀਤ ਖ਼ਿਆਲੀ



**ਸੰਗਰੂਰ (ਗੁਰਭਿੰਦਰ ਸਿੰਘ ਗੁਰੀ)** ਭਾਈ ਲਾਲੋ ਪੰਜਾਬੀ ਮੰਚ , ਦਲਿਤ ਅਤੇ ਮਜ਼ਦੂਰ ਮੁਕਤੀ ਮੋਰਚਾ, ਲਾਲ ਝੰਡਾ ਮਨਰੇਗਾ ਵਰਕਰ ਯੂਨੀਅਨ ਵੱਲੋਂ ਬਰਨ-ਾਲਾ ਜ਼ਿਲੇ ਦੇ ਵੱਖ ਵੱਖ ਪਿੰਡਾਂ ਲੋਹਗੜ੍ਹ ,ਮਾਂਗੇਵਾਲ , ਹਮੀਦੀ , ਛੁਹਾਣਕੇ ਖੁਰਦ ਅਤੇ ਨਰੈਣਗੜ੍ਹ ਸੋਹੀਆਂ ਚ ਲੋਕਾਂ ਦੀ ਲਾਮਬੰਦੀ ਕੀਤੀ ਗਈ ।

ਇਸ ਮੌਕੇ ਬੋਲਦਿਆਂ ਹਰਜੀਤ ਸਿੰਘ ਖਿਆਲੀ ਮਹਿਲ ਕਲਾਂ ਨੇ ਕਿਹਾ ਕਿ ਦੇਸ਼ ਦਾ ਨਿਮਨ ਵਰਗ ਦੇ ਹਾਲਾਤ ਅੱਜ ਵੀ ਤਰਸਯੋਗ ਬਣੇ ਹੋਏ ਹਨ ।ਮੀਟਿੰਗ ਦੌਰਾਨ ਓਨ੍ਹਾਂ ਨੇ ਡਿੱਗੇ ਢੱਠੇ ਸਦੀਆਂ ਤੋਂ ਜ਼ੁਲਮ ਦੀ ਚੱਕੀ ਵਿਚ ਪਿਸ ਰਹੇ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਜੇਕਰ ਤੁਸੀਂ ਇਜ਼ਤ ਦਾ ਜੀਵਨ ਜੀਣਾ ਚਾਹੁੰਦੇ ਹੋ ਤਾਂ ਤੁਹਾਨੂੰ ਆਤਮ ਸਹਾਇਤਾ ਤੇ ਭਰੋਸਾ ਕਰਨਾ ਪਵੇਗਾ । ਆਪਣੀਆਂ ਗ਼ੁਲਾਮੀ ਦੀਆਂ ਬੇੜੀਆਂ ਆਪ ਹੀ ਤੋੜੋ । ਸਵੈਮਾਣ ਜੀਵਨ ਵਾਸਤੇ ਜਰੂਰੀ ਹੈ , ਇਸ ਤੋਂ ਬਗੈਰ ਜੀਵਨ ਨਿਕੰਮਾ ਹੈ ।ਸਵੈਮਾਣ ਨਾਲ ਜੀਵਤ ਰਹਿਣ ਲਈ ਇਨਸਾਨ ਨੂੰ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ।ਮਹਿੰਗਾਈ ਨੇ ਲੋਕਾਂ ਦਾ ਕਚੂੰਬਰ ਕੱਢ ਰੱਖਿਆ ਹੈ। ਬਲਾਕ ਆਗੂ , ਸਿੰਗਾਰਾ ਸਿੰਘ ਸੋਹੀਆਂ , ਨੰਬਰਦਾਰ ਜਸਵੰਤ ਸਿੰਘ ਕਲਾਲ ਮਾਜਰਾ ਨੇ ਸਰਕਾਰ ਤੋਂ ਮੰਗ ਕੀਤੀ ਕਿ ਮਜ਼ਦੂਰਾਂ ਨੂੰ ਪੱਕਾ ਰੁਜ਼ਗਾਰ, ਮਹਿੰਗਾਈ ਵਧਣ ਦੇ ਹਿਸਾਬ ਨਾਲ ਮਜ਼ਦੂਰਾਂ ਦੀ ਦਿਹਾੜੀ 700 ਰੁਪੇ ਵਧਾਉਣੀ, ਬੁਢਾਪਾ ਪੈਨਸ਼ਨ ਦੀ ਉਮਰ ਹੱਦ 65 ਸਾਲ ਤੋਂ ਘਟਾ ਕੇ 55 ਸਾਲ ਕਰਨੀ ਅਤੇ ਬੁਢਾਪਾ , ਵਿਧਵਾ ਅਤੇ ਅੰਗਹੀਣ ਪੈਨਸ਼ਨ ਘੱਟੋ ਘੱਟ ਦਸ ਹਜ਼ਾਰ ਰੁਪਏ ਮਹੀਨਾ ਕਰਨੀ, ਬੇਘਰ ਲੋਕਾਂ ਨੂੰ 10 / 10 ਮਰਲਿਆਂ ਦੇ ਪਲਾਟ , ਬਰਸਾਤਾਂ ਕਾਰਨ ਹੋਏ ਘਰਾਂ ਦੇ ਨੁਕਸਾਨ ਦਾ ਮੁਆਵਜਾ , ਬਿਜਲੀ ਸੋਧ ਬਿੱਲ ਨੂੰ ਕੈਂਸਲ ਕੀਤਾ ਜਾਵੇ ।ਇਸ ਦੇ ਨਾਲ ਨਾਲ ਹਸਪਤਾਲਾਂ ਚ ਡਾਕਟਰਾਂ ਅਤੇ ਬਾਕੀ ਸਟਾਫ ਦੀ ਘਾਟ ਪੂਰੀ ਕਰਨੀ , ਸਕੂਲਾਂ ਚ ਅਧਿਆਪਕਾਂ ਦੀਆਂ ਖਾਲੀ ਪਈਆਂ ਅਸਾਮੀਆਂ ਪੂਰੀਆਂ ਕੀਤੀਆਂ ਜਾਣ, ਹਰ ਪਿੰਡ ਚ ਵਾਤਾਵਰਣ ਨੂੰ ਸੁਧ ਰੱਖਣ ਲਈ 20 / 20 ਹਜ਼ਾਰ ਦਰਖ਼ਤ ਲਗਾਉਣੇ । ਸਰਕਾਰਾਂ ਵੋਟਾਂ ਲੈਣ ਲਈ ਝੂਠੇ ਵਾਅਦੇ ਨਾ ਕਰਨ। ਕੀਤੇ ਗਏ ਵਾਅਦੇ ਪੂਰੇ ਕੀਤੇ ਜਾਣ। ਭਗਵੰਤ ਮਾਨ ਦਿੱਲੀ ਵਾਲਿਆਂ ਦਾ ਪਿੱਠੂ ਬਣਕੇ ਅਜਿਹੇ ਕੰਮ ਕਰਨ ਤੋਂ ਬਾਜ ਆਵੇ ਜਿਵੇਂ ਇਸ ਭਗਵੰਤ ਮਾਨ ਸਰਕਾਰ ਨੇ ਔਰਤਾਂ ਨਾਲ 1000 ਰੁਪਏ ਪ੍ਰਤੀ ਮਹੀਨਾ ਵਾਲਾ ਵਾਅਦਾ ਤਾਂ ਕਰ ਲਿਆ। ਹੁਣ ਸਰਕਾਰ ਵਾਅਦਾ ਪੂਰਾ ਕਰੇ। ਬਲਾਕਾਂ ਦਾ ਪੁਨਰਗਠਨ ਕਰਕੇ ਪਿੰਡਾਂ ਨੂੰ ਹੋਰਨਾਂ ਬਲਾਕਾਂ ਨਾਲ ਨਾਂ ਜੋੜਿਆ ਜਾਵੇ ।ਓਨ੍ਹਾਂ ਨੇ ਮੁੱਖ ਜ਼ੋਰ ਲੋਕਾਂ ਨੂੰ ਛੋਟੀਆਂ ਛੋਟੀਆਂ ਸਕੀਮਾਂ, ਰਾਹਤਾਂ ਦੀ ਬਜਾਏ ਕਿਸਾਨਾਂ, ਮਜ਼ਦੂਰਾਂ, ਛੋਟੇ ਵਪਾਰੀਆਂ ਨੂੰ ਇੱਕਜੁੱਟ ਹੋ ਕੇ ਆਪਣੇ ਹੱਕ ਲੈਣ ਲਈ ਸੰਘਰਸ਼ ਕਰਨ ਦਾ ਸੱਦਾ ਦਿੱਤਾ ਕਿਉਂ ਕਿ ਸਖ਼ਤ ਘੋਲ ਨਾਲ ਹੀ ਤਾਕਤ ,ਵਿਸ਼ਵਾਸ ਅਤੇ ਮਾਨਤਾ ਪ੍ਰਾਪਤ ਹੁੰਦੇ ਹਨ ।ਇਸ ਮੌਕੇ ਨਹਿੰਗ ਦਰਸ਼ਨ ਸਿੰਘ ਸੋਹੀਆਂ ,ਲੱਛਮੀ ਕੌਰ, ਮੇਵਾ ਸਿੰਘ , ਮਹਿੰਦਰ ਸਿੰਘ , ਜਗਸੀਰ ਸਿੰਘ, ਬਖਤੌਰ ਸਿੰਘ , ਗੁਰਪ੍ਰੀਤ ਕੌਰ , ਚਰਨਜੀਤ ਕੌਰ , ਬੇਅੰਤ ਕੌਰ , ਅਮਨਦੀਪ ਕੌਰ ਆਦਿ ਹਾਜਰ ਸਨ ।

# ਵਿਧਾਇਕ ਰੰਧਾਵਾ ਵੱਲੋਂ ਆਨੰਦਪੁਰ ਸਾਹਿਬ ਵਿਖੇ ਵਿਸ਼ੇਸ਼ ਸੈਸ਼ਨ ਦੌਰਾਨ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਰਧਾਂਜਲੀ

**ਡੇਰਾਬੱਸੀ (ਸੰਜੀਵ ਸਿੰਘ ਸੈਣੀ)** ਸ੍ਰੀ ਆਨੰਦਪੁਰ ਸਾਹਿਬ ਦੇ ਇਤਿਹਾਸਕ ਧਰਤੀ 'ਤੇ ਸੱਦੇ ਗਏ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਉੱਤੇ ਡੂੰਘੀ ਸ਼ਰਧਾਂਜਲੀ ਅਰਪਣ ਕੀਤੀ। ਭਾਈ ਜੈਤਾ ਜੀ ਯਾਦਗਾਰ ਵਿਖੇ ਹੋਏ ਇਸ ਸੈਸ਼ਨ ਵਿੱਚ ਸੰਬੋਧਨ ਕਰਦਿਆਂ ਉਨ੍ਹਾਂ ਨੇ ਗੁਰੂ ਸਾਹਿਬ ਦੀ ਅਤੁੱਲ ਕੁਰਬਾਨੀ ਨੂੰ ਮਨੁੱਖਤਾ ਦੇ ਇਤਿਹਾਸ ਦੀ ਸਭ ਤੋਂ ਵੱਡੀ ਕੁਰਬਾਨੀਆਂ ਵਿੱਚੋਂ ਇੱਕ ਕਰਾਰ ਦਿੱਤਾ। ਵਿਧਾਇਕ ਰੰਧਾਵਾ ਨੇ ਕਿਹਾ ਕਿ ਸਿੱਖ ਇਤਿਹਾਸ ਦੇ ਚਾਰ ਪੀੜ੍ਹੀਆਂ ਤੱਕ ਚੱਲੇ ਬਲੀਦਾਨਾਂ—ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ—ਵਾਲੇ ਅਧਿਆਇ ਨੂੰ ਦੁਨੀਆ ਦੇ ਕਿਸੇ ਹੋਰ ਧਰਮਕ ਜਾਂ ਸਮਾਜਕ ਇਤਿਹਾਸ ਨਾਲ ਨਹੀਂ ਜੋੜਿਆ ਜਾ ਸਕਦਾ। ਜ਼ੁਲਮ ਦੇ ਵਿਰੁੱਧ ਖੜ੍ਹੇ ਹੋ ਕੇ ਮਨੁੱਖੀ ਅਧਿਕਾਰ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਗੁਰੂ ਸਾਹਿਬ ਦਾ ਸੰਦੇਸ਼ ਅੱਜ ਵੀ ਸਮੁੱਚੇ ਸੰਸਾਰ ਨੂੰ ਰਾਹਦਾਰੀ



ਮੁਹੱਈਆ ਕਰ ਰਿਹਾ ਹੈ।ਦੇਸ਼ ਦੇ ਮੌਜੂਦਾ ਹਾਲਾਤਾਂ 'ਤੇ ਚਿੰਤਾ ਜਤਾਉਂਦੇ ਹੋਏ ਵਿਧਾਇਕ ਰੰਧਾਵਾ ਨੇ ਕਿਹਾ ਕਿ ਵੱਖ-ਵੱਖ ਰਾਜਾਂ ਵਿੱਚ ਵੱਧ ਰਹੀ ਨਫ਼ਰਤ ਅਤੇ ਲੋਕਤੰਤਰਕ ਮੁੱਲਾਂ ਦੇ ਹ੍ਰਾਸ ਨੂੰ ਦੇਖਦੇ ਹੋਏ ਸਮਾਜ ਲਈ ਇਕਜੁੱਟਤਾ ਅਤੇ ਸਾਂਝ ਦੀ ਲੋੜ ਪਹਿਲਾਂ ਨਾਲੋਂ ਕਈ ਗੁਣਾ ਵਧ ਗਈ ਹੈ। ਉਨ੍ਹਾਂ ਮਣੀਪੁਰ ਅਤੇ ਉੱਤਰ ਪ੍ਰਦੇਸ਼ ਵਿੱਚ ਹਿੰਸਕ ਘਟਨਾਵਾਂ ਦਾ ਹਵਾਲਾ ਦਿੰਦਿਆਂ ਜਾਤੀ ਅਧਾਰਿਤ ਅੱਤਿਆਚਾਰਾਂ 'ਤੇ ਵੀ ਚਿੰਤਾ ਪ੍ਰਗਟ ਕੀਤੀ। ਪੰਜਾਬ ਨਾਲ ਜੁੜੀਆਂ ਚੁਣੌਤੀਆਂ ਬਾਰੇ ਗੱਲ ਕਰਦਿਆਂ ਵਿਧਾਇਕ ਰੰਧਾਵਾ ਨੇ ਕਿਹਾ ਕਿ ਸੂਬੇ ਦੀ ਖੇਤੀਬਾੜੀ, ਸਿੱਖਿਆ ਪ੍ਰਣਾਲੀ ਅਤੇ ਦਰਿਆਵਾਂ ਦੇ ਪਾਣੀਆਂ ਨੂੰ ਕਮਜ਼ੋਰ ਕਰਨ ਦੀਆਂ ਚਾਲਾਂ ਸਮਝ ਤੋਂ ਪਰੇ ਨਹੀਂ ਹਨ। ਚੰਡੀਗੜ੍ਹ ’ਤੇ ਪੰਜਾਬ ਦੇ ਦਾਅਵੇ ਨੂੰ ਚੁਣੌਤੀ ਦੇਣ ਵਾਲੀਆਂ ਤਾਜ਼ਾ ਘਟਨਾਵਾਂ ’ਤੇ ਵੀ ਰੰਧਾਵਾ ਨੇ ਕੜੀ ਪ੍ਰਤੀਕ੍ਰਿਆ ਦਿੱਤੀ। ਭਾਈ ਜੈਤਾ ਜੀ ਦੀ ਵਿਰਾਸਤ ਨੂੰ ਪ੍ਰਤੀਕਾਤਮਕ ਤੋਂ ਇਲਾਵਾ ਵਿਧਾਨਿਕ ਤੌਰ ’ਤੇ ਸਨਮਾਨ ਦੇਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੀ ਪਹਿਲ ਦੀ ਵਿਧਾਇਕ ਰੰਧਾਵਾ ਨੇ ਖ਼ਾਸ ਤੌਰ 'ਤੇ ਸਥਾਇਸ਼ ਕੀਤੀ। ਉਨ੍ਹਾਂ ਨੇ 'ਪੰਜਾਬ ਲਾਅ ਅਫਸਰਜ਼ ਬਿੱਲ' ਨੂੰ ਐਤੀਹਾਸਿਕ ਕਦਮ ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਹਾਈ ਕੋਰਟ ਵਿੱਚ ਹਾਸ਼ੀਏ 'ਤੇ ਪਏ ਭਾਈਚਾਰਿਆਂ ਦੀ ਪ੍ਰਤੀਨਿਧਤਾ ਯਕੀਨੀ ਹੋਵੇਗੀ—ਇਹ ਕਦਮ ਪਿਛਲੇ 75 ਸਾਲਾਂ ਵਿੱਚ ਕਿਸੇ ਸਰਕਾਰ ਨੇ ਨਹੀਂ ਚੁੱਕਿਆ। ਰੰਧਾਵਾ ਨੇ ਮਾਣ ਨਾਲ ਕਿਹਾ ਕਿ ਭਾਈ ਜੈਤਾ ਜੀ ਦੀ ਯਾਦਗਾਰ ਵਿਖੇ ਹੋ ਰਿਹਾ ਇਹ ਸੈਸ਼ਨ ਉਹਨਾਂ ਬਹਾਦਰ ਸੂਰਮਿਆਂ ਨੂੰ ਬਣਦਾ ਸਨਮਾਨ ਹੈ, ਜਿਨ੍ਹਾਂ ਨੇ ਗੁਰੂ ਸਾਹਿਬਾਂ ਦੇ ਨਾਲ ਰਹਿੰਦਿਆਂ ਅਡੋਲ ਵਫ਼ਾਦਾਰੀ ਦਿਖਾਈ। ਉਨ੍ਹਾਂ ਨੇ ਸਪੀਕਰ ਅਤੇ ਮੁੱਖ ਮੰਤਰੀ ਦਾ ਇਸ ਇਤਿਹਾਸਕ ਕਦਮ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਦੂਨੀਆ ਅੱਜ ਇਸ ਗੱਲ ਦੀ ਗਵਾਹ ਹੈ ਕਿ ਮੌਜੂਦਾ ਪੰਜਾਬ ਸਰਕਾਰ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਹਿਯੋਗੀਆਂ—ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ—ਪ੍ਰਤੀ ਡੂੰਘਾ ਸਤਿਕਾਰ ਰੱਖਦੀ ਹੈ।

# ਨਿਗਾਹ ਦਾ ਲੰਗਰ ਤੇ ਟੀਵੀ ਸਕਰੀਨਿੰਗ ਨਾਲ ਲੋਕਾਂ ਦੀ ਸਿਹਤ ਸੁਰੱਖਿਅਤ ਕਰਨਾ ਪੰਜਾਬ ਸਰਕਾਰ ਦੀ ਪਹਿਲੀ ਤਰਜੀਹ - ਕੁਮਾਰ ਰਾਹੁਲ ਆਈ.ਏ.ਐਸ

**ਸ੍ਰੀ ਅਨੰਦਪੁਰ ਸਾਹਿਬ (ਜਤਿੰਦਰ ਪਾਲ ਸਿੰਘ ਕਲੇਰ** ) ਪੰਜਾਬ ਸਰਕਾਰ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਅਗਵਾਈ ਹੇਠ ਸੂਬੇ ਭਰ ਵਿੱਚ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਅਤੇ ਢੰਗਸਾਰ ਯਤਨ ਕੀਤੇ ਜਾ ਰਹੇ ਹਨ। ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਵਿਸ਼ਾਲ ਸਮਾਗਮ ਦੌਰਾਨ ਚੰਡੇਸਰ ਟੈਂਟ ਸਿਟੀ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਨਿਗਾਹ ਦਾ ਲੰਗਰ' ਤੇ 'ਆਮ ਆਦਮੀ ਕਲੀਨਿਕ ਟੀਵੀ ਸਕਰੀਨਿੰਗ ਕੈਂਪ' ਦਾ ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਸ਼੍ਰੀ ਕੁਮਾਰ ਰਾਹੁਲ ਆਈ.ਏ.ਐਸ ਵੱਲੋਂ ਜਾਇਜ਼ਾ ਲਿਆ ਗਿਆ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਨਜ਼ਰ ਦੀ ਜਾਂਚ, ਮੁਫ਼ਤ ਰੀਡਿੰਗ ਗਲਾਸਜ਼ ਅਤੇ ਟੀਵੀ ਸਕਰੀਨਿੰਗ ਵਰਗੀਆਂ ਅਹਿਮ ਸਿਹਤ ਸਹੂਲਤਾਂ ਮੈਦਾਨੀ ਪੱਧਰ 'ਤੇ ਪਹੁੰਚਾਉਣ ਲਈ ਖਾਸ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਹ ਸਮੂਹ ਕੈਂਪ 29 ਨਵੰਬਰ ਤੱਕ ਜਾਰੀ ਰਹਿਣਗੇ। ਇਸ ਤੋਂ ਇਲਾਵਾ ਪ੍ਰਮੁੱਖ ਸਕੱਤਰ ਕੁਮਾਰ ਰਾਹੁਲ ਆਈ.ਏ.ਐਸ ਨੇ ਪੀ ਐਚ ਸੀ ਕੀਰਤਪੁਰ ਸਾਹਿਬ ਦਾ ਵੀ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਚਲ ਰਹੀਆਂ ਸਿਹਤ ਸੇਵਾਵਾਂ, ਓਪੀਡੀ ਸਹੂਲਤਾਂ, ਕੰਮ-ਕਾਜੀ ਪ੍ਰਬੰਧ ਅਤੇ ਸਟਾਫ਼ ਨਾਲ ਮੀਟਿੰਗ



ਕਰਕੇ ਸਾਰੀਆਂ ਸੇਵਾਵਾਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਮੈਦਾਨੀ ਪੱਧਰ 'ਤੇ ਸੇਵਾਵਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਪੰਜਾਬ ਸਰਕਾਰ ਵਲੋਂ ਹਰ ਸੰਭਵ ਸਹਾਇਤਾ ਦਿੱਤੀ ਜਾਵੇਗੀ।

ਇਸ ਮੌਕੇ ਡਾ. ਅਨਿਲ ਗੋਇਲ ਡਾਇਰੈਕਟਰ ਈ.ਐਸ.ਆਈ. ਪੰਜਾਬ, ਡਾ. ਸਵਪਨਜੀਤ ਕੌਰ ਡਾਇਰੈਕਟਰ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ, ਡਾ. ਸੁਖਵਿੰਦਰਜੀਤ ਸਿੰਘ ਸਿਵਲ ਸਰਜਨ ਰੂਪਨਗਰ, ਡਾ. ਗੁਰਿੰਦਰਜੀਤ ਸਿੰਘ ਸਿਵਲ ਸਰਜਨ ਐਸ.ਬੀ.ਐਸ. ਨਗਰ, ਡਾ. ਪਰਵਿੰਦਰ ਸਿੰਘ ਐਸ.ਐਮ.ਓ. ਮੋਰਿੰਡਾ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਸਿਵਲ ਸਰਜਨ ਰੂਪਨਗਰ ਡਾ. ਸੁਖਵਿੰਦਰਜੀਤ ਸਿੰਘ ਨੇ ਕਿਹਾ ਕਿ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਇਹ ਮੁਹਿੰਮ ਸਿਹਤ ਜਾਗਰੂਕਤਾ ਨੂੰ ਵਧਾਉਣ ਅਤੇ ਬਿਮਾਰੀਆਂ ਦੀ ਸ਼ੁਰੂਆਤੀ ਪਛਾਣ ਕਰਨ ਲਈ ਬਹੁਤ ਪ੍ਰਭਾਵਸ਼ਾਲੀ ਹੈ। ਵੱਡੀ ਸੰਖਿਆ ਵਿੱਚ ਲੋਕ ਨਿਗਾਹ ਦੇ ਲੰਗਰ ਅਤੇ ਟੀਵੀ ਸਕਰੀਨਿੰਗ ਕੈਂਪਾਂ ਦਾ ਲਾਭ ਲੈ ਰਹੇ ਹਨ, ਜੋ ਸੂਬੇ ਵਿੱਚ ਸਿਹਤ ਸੁਰੱਖਿਆ ਵੱਲ ਇੱਕ ਮਹੱਤਵਪੂਰਨ ਕਦਮ ਹੈ। ਅੰਤ ਵਿੱਚ ਪ੍ਰਮੁੱਖ ਸਕੱਤਰ ਕੁਮਾਰ ਰਾਹੁਲ ਆਈ.ਏ.ਐਸ ਨੇ ਮੈਦਾਨੀ ਟੀਮਾਂ ਦੇ ਕੰਮ ਦੀ ਸਿਫ਼ਤਸ਼ਾਲੀ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਹਰ ਨਾਗਰਿਕ ਦੀ ਸਿਹਤ ਲਈ ਵਚਨਬੱਧ ਹੈ ਅਤੇ ਇਹ ਯਤਨ ਸਿੱਧੇ ਤੌਰ 'ਤੇ ਲੋਕ-ਕੇਂਦਰਿਤ ਸਿਹਤ ਸੇਵਾਵਾਂ ਪਹੁੰਚਾਉਣ ਵੱਲ ਇੱਕ ਵੱਡਾ ਕਦਮ ਹਨ।

# ਗੋਬਿੰਦ ਸਰਵਰ ਸਕੂਲ ਬੁਲੰਦਪੁਰੀ ਸਾਹਿਬ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ

**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)-** ਗੋਬਿੰਦ ਸਰਵਰ ਸੀਨੀਅਰ ਸੈਕੰਡਰੀ ਸਕੂਲ ਬੁਲੰਦਪੁਰੀ ਸਾਹਿਬ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇੱਕ ਸਮਾਗਮ ਕਰਵਾਇਆ ਗਿਆ ਜਿਸ ਦੌਰਾਨ ਬੱਚਿਆਂ ਵੱਲੋਂ ਲੈਕਚਰ, ਕੀਰਤਨ, ਕਵੀਸ਼ਰੀ ਅਤੇ ਗੁਰੂ ਸਾਹਿਬ ਦੇ ਜੀਵਨ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ ਅਤੇ ਗੁਰੂ ਸਾਹਿਬ ਨੂੰ ਸਤਿਕਾਰ ਤੇ ਸ਼ਰਧਾ ਭੇਟ ਕੀਤੀ ਗਈ। ਇਸ ਮੌਕੇ ਤੇ ਬੋਲਦਿਆਂ ਸਕੂਲ ਦੇ ਮੁੱਖ ਸੇਵਾਦਾਰ ਸ. ਪੀ.ਪੀ ਸਿੰਘ ਨੇ ਆਖਿਆ ਕਿ ਗੁਰੂ ਸਾਹਿਬ ਨੇ ਮਨੁੱਖਤਾ ਦਾ ਸੰਦੇਸ਼ ਦਿੱਤਾ ਉਹਨਾਂ ਆਖਿਆ ਕਿ ਇਹ ਸਮਾਗਮ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਭੇਂਟ ਦੇ ਉਪਦੇਸ਼ ਨਾਲ ਕਰਵਾਇਆ ਜਾ ਰਿਹਾ ਹੈ। ਉਹਨਾਂ ਆਖਿਆ ਕਿ ਦੁਨੀਆਂ ਦਾ ਹਰ ਧਰਮ ਸਾਨੂੰ ਮਨੁੱਖਤਾ ਦਇਆ ਅਤੇ ਸ਼ਾਂਤੀ ਦੀਆਂ ਕਦਰਾਂ ਕੀਮਤਾਂ ਸਿਖਾਉਂਦਾ ਹੈ। ਉਹਨਾਂ





ਆਖਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹੱਕ ਸੱਚ ਅਤੇ ਧਰਮ ਦੀ ਰਾਖੀ ਲਈ ਬੇਮਿਸਾਲ ਕੁਰਬਾਨੀ ਦਿੱਤੀ। ਗੁਰੂ ਸਾਹਿਬ ਨੇ ਹਰੇਕ ਵਿਅਕਤੀ ਨੂੰ ਆਪਣੀ ਅੰਤਰ ਆਤਮਾ ਅਨੁਸਾਰ ਆਪਣਾ ਧਰਮ ਚੁਣਨ ਦੇ ਅਧਿਕਾਰ ਦੀ ਰਾਖੀ ਲਈ ਮਹਾਨ ਕੁਰਬਾਨੀ ਦਿੱਤੀ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਕੁਲਵੰਤ ਕੌਰ ਤੇ ਵਾਈਸ ਪ੍ਰਿੰਸੀਪਲ ਸ. ਮੰਗਲ ਸਿੰਘ ਨੇ ਵੀ ਗੁਰੂ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਉਨਾਂ ਵੱਲੋਂ ਕੀਤੀ ਗਈ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ।

# ਸੀਪੀਆਈ ਮਾਲੇ ਵੱਲੋਂ ਛੱਤੀਸਗੜ੍ਹ ਵਿੱਚ ਕੀਤੇ ਜਾ ਰਹੇ ਕਤਲਾਂ ਵਿਰੁੱਧ ਮੁਜਾਹਰਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ ਲੈਨਿਨਵਾਦੀ) ਨਿਊ ਡੈਮੋਕਰੇਸੀ ਵੱਲੋਂ ਨਵਾਂਸ਼ਹਿਰ ਵਿਖੇ ਮੋਦੀ ਸਰਕਾਰ ਦੁਆਰਾ ਛੱਤੀਸਗੜ੍ਹ ਵਿੱਚ ਆਦਿਵਾਸੀਆਂ ਦੇ ਉਜਾੜੇ , ਕਮਿਊਨਿਸਟ ਇਨਕਲਾਬੀਆਂ ਅਤੇ ਆਦਿਵਾਸੀਆਂ ਦੇ ਕਤਲਾਂ ਦੇ ਵਿਰੋਧ ਵਿੱਚ ਮੁਜ਼ਾਹਰਾ ਕੀਤਾ ਗਿਆ । ਮੁਜ਼ਾਹਰੇ ਉਪਰੰਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਪੁਤਲੇ ਫੂਕੇ ਗਏ। ਇਸ ਤੋਂ ਪਹਿਲਾਂ ਸਥਾਨਕ ਬੱਸ ਅੱਡੇ ਉੱਤੇ ਕੀਤੀ ਗਈ ਰੈਲੀ ਨੂੰ ਪਾਰਟੀ ਦੇ ਆਗੂ ਕੁਲਵਿੰਦਰ ਸਿੰਘ ਵੜੈਚ ਦਲਜੀਤ ਸਿੰਘ ਐਡਵੋਕੇਟ ਅਤੇ ਲੇਖਕ ਬੂਟਾ ਸਿੰਘ ਨੇ ਸੰਬੋਧਨ ਕਰਦਿਆਂ ਆਖਿਆ ਕਿ ਮੋਦੀ ਸਰਕਾਰ ਆਦਿਵਾਸੀਆਂ ਨੂੰ ਉਜਾੜ ਕੇ ਬਣ ਸੰਮਤੀ ਕਾਰਪੋਰੇਟਰਾਂ ਦੇ ਹਵਾਲੇ ਕਰਨ ਦੇ ਮਕਸਦ ਨਾਲ ਇਹ ਜਬਰ ਢਾਹ ਰਹੀ ਹੈ ਜਿਸ ਵਿੱਚ ਕਮਿਊਨਿਸਟ ਇਨਕਲਾਬੀਆਂ ਅਤੇ ਆਦਿਵਾਸੀਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਿਆ ਜਾ ਰਿਹਾ ਹੈ। ਮੋਦੀ ਸਰਕਾਰ ਅਡਾਨੀ, ਅੰਬਾਨੀ ਅਤੇ ਅਮਿਤ ਸ਼ਾਹ ਦੇ ਲੜਕੇ ਦੀ ਸੁਰੱਖਿਆ ਨੂੰ ਹੀ ਦੇਸ਼ ਦੀ ਸੁਰੱਖਿਆ ਸਮਝ ਰਹੀ ਹੈ। ਮੋਦੀ ਸਰਕਾਰ



ਮਾਓਵਾਦੀਆਂ ਨੂੰ ਮਾਰ ਕੇ ਮੁਕਾਉਣ ਦੇ ਮੁਜਰਮਾਨਾ ਰਾਹ ਦੇ ਉੱਤੇ ਚੱਲ ਰਹੀ ਹੈ ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਮਾਓਵਾਦੀਆਂ ਨੂੰ ਮਾਰਨ ਦੇ ਮਾਰ ਕੇ ਖਤਮ ਕਰਨ ਦੇ ਬਹੁਤ ਯਤਨ ਹੋਏ ਪਰ ਨਾ ਤਾਂ ਵਿਚਾਰਧਾਰਾ ਖਤਮ ਨਹੀਂ ਹੋਈ ਅਤੇ ਨਾ ਹੀ ਮਾਓਵਾਦੀ। ਕਾਰਪੋਰੇਟ ਘਰਾਣਿਆਂ ਵੱਲੋਂ ਭਾਰਤ ਦੇ ਜੰਗਲੀ ਅਤੇ ਪਹਾੜੀ ਖੇਤਰਾਂ ਵਿੱਚ ਮੌਜੂਦ ਬਹੁਮੁੱਲੇ ਖਣਿਜ ਪਦਾਰਥਾਂ ਦੀ ਲੁੱਟ ਲਗਾਤਾਰ ਇਹਨਾਂ ਜੰਗਲਾਂ ਅਤੇ ਪਹਾੜਾਂ (ਸਮੇਤ ਉੱਥੇ ਰਹਿੰਦੇ ਆਦਿਵਾਸੀ ਲੋਕਾਂ) ਨੂੰ ਉਜਾੜ ਕੇ ਕੀਤੀ ਜਾ ਰਹੀ ਹੈ। ਮੋਦੀ ਸਰਕਾਰ ਦੇਸੀ-ਵਿਦੇਸ਼ੀ ਕਾਰਪੋਰੇਟਾਂ ਦੀ ਸੇਵਾ ਲਈ ਮੁਲਕ ਦੇ ਜੰਗਲੀ ਖੇਤਰਾਂ ਅੰਦਰ ਆਦਿਵਾਸੀਆਂ 'ਤੇ ਅੰਨ੍ਹਾ ਜਬਰ ਢਾਹ ਰਹੀ ਹੈ। ਜੋ ਲੋਕ ਇਹਨਾਂ ਲੋਕਾਂ, ਜੰਗਲਾਂ, ਪਹਾੜਾਂ, ਕੁਦਰਤੀ ਸਾਧਨਾਂ ਨੂੰ ਬਚਾਉਣ ਲਈ ਲੜ ਰਹੇ ਹਨ ਉਹਨਾਂ ਨੂੰ ਹਰ ਤਰ੍ਹਾਂ ਦੇ ਸੰਵਿਧਾਨਿਕ , ਜਮਹੂਰੀ ਤੇ ਮਨੁੱਖੀ ਅਧਿਕਾਰਾਂ ਦੇ ਤਕਾਜ਼ਿਆਂ ਨੂੰ ਤੱਜ ਕੇ ਆਏ ਦਿਨ ਝੂਠੇ ਪੁਲਿਸ ਮੁਕਾਬਲਿਆਂ 'ਚ ਆਦਿਵਾਸੀਆਂ ਤੇ ਮਾਓਵਾਦੀਆਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ। ਕਾਰਪੋਰੇਟ ਜਗਤ ਦੀ ਸੇਵਾ ਲਈ ਲੋਕਾਂ ਦੇ ਜਮਹੂਰੀ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ। ਇਸ ਲਈ ਆਦਿਵਾਸੀ ਖੇਤਰਾਂ ਦੇ ਲੋਕਾਂ ਦੇ ਹੱਕ 'ਚ ਆਵਾਜ਼ ਉਠਾਉਣੀ ਸਾਡਾ ਫਰਜ ਹੈ। ਇਸ ਮੌਕੇ ਅਵਤਾਰ ਸਿੰਘ ਤਾਰੀ ਅਤੇ ਹਰੀ ਰਾਮ ਰਸੂਲਪੁਰੀ ਨੇ ਵੀ ਸੰਬੋਧਨ ਕੀਤਾ। ਉਨ੍ਹਾਂ ਨੇ ਮਾਓਵਾਦੀਆਂ ਦੇ ਕਤਲਾਂ ਦੀ ਜੁਡੀਸ਼ਲ ਜਾਂਚ ਕਰਾਉਣ, ਹਿਰਾਸਤ ਵਿੱਚ ਰੱਖੇ ਮਾਓਵਾਦੀਆਂ ਨੂੰ ਅਦਾਲਤ ਵਿੱਚ ਪੇਸ਼ ਕਰਨ, ਅਪਰੇਸ਼ਨ ਕਗਾਰ ਬੰਦ ਕਰਨ, ਛੱਤੀਸਗੜ੍ਹ ਵਿੱਚੋਂ ਨੀਮ ਫੌਜਾਂ ਬਾਹਰ ਕੱਢਣ, ਆਦਵਾਸੀਆਂ ਦਾ ਉਜਾੜਾ ਬੰਦ ਕਰਨ, ਮਾਓਵਾਦੀਆਂ ਨਾਲ ਗੱਲਬਾਤ ਦਾ ਰਸਤਾ ਅਖਤਿਆਰ ਕਰਨ ਦੀ ਮੰਗ ਕੀਤੀ।

# ਚੰਡੀਗੜ੍ਹ ਵਿਖੇ 26 ਨੂੰ ਸੰਯੁਕਤ ਕਿਸਾਨ ਮੋਰਚੇ ਵਲੋਂ ਫਤਿਹ ਦਿਵਸ ਸਬੰਧੀ ਮੀਟਿੰਗਾਂ ਦਾ ਦੌਰ ਸ਼ੁਰੂ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ 26 ਨਵੰਬਰ ਨੂੰ ਚੰਡੀਗੜ੍ਹ ਵਿਖੇ ਮਨਾਏ ਜਾ ਰਹੇ ਫਤਿਹ ਦਿਵਸ ਦੀ ਤਿਆਰੀ ਲਈ ਕਿਰਤੀ ਕਿਸਾਨ ਯੂਨੀਅਨ ਗੜ੍ਹਸ਼ੰਕਰ ਵਲੋ ਪਿੰਡ ਸਿਕੰਦਰਪੁਰ, ਰਸੂਲਪੁਰ ਅਤੇ ਚਾਹਲ ਪੁਰ ਵਿੱਚ ਕਿਸਾਨਾਂ ਦੀਆਂ ਮੀਟਿੰਗਾਂ ਕੀਤੀਆਂ ਗਈਆਂ। ਜਿਸ ਵਿੱਚ ਸਮੂਹ ਕਿਸਾਨਾਂ ਨੂੰ ਚੰਡੀਗੜ੍ਹ ਪੁੱਜਣ ਦੀ ਅਪੀਲ ਕੀਤੀ ਗਈ। ਕਿਸਾਨਾਂ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਹਰਮੇਸ਼ ਸਿੰਘ ਢੇਸੀ, ਜਿਲ੍ਹਾ ਸਕੱਤਰ ਕੁਲਵਿੰਦਰ ਸਿੰਘ ਚਾਹਲ ਅਤੇ ਕੁਲਵੰਤ ਸਿੰਘ ਗੋਲੇਵਾਲ ਨੇ ਕਿਹਾ ਭਾਰਤ ਸਰਕਾਰ ਅਸਿੱਧੇ ਢੰਗ ਨਾਲ ਬਿਜਲੀ ਬਿੱਲ 2020 ਲਾਗੂ ਕਰਨ ਤੇ ਤੁਲੀ ਹੋਈ ਹੈ। ਜਿਸ ਨਾਲ ਬਿਜਲੀ ਦਾ ਪ੍ਰਬੰਧ ਸਿੱਧੇ ਤੌਰ ਤੇ



ਭਾਰਤ ਸਰਕਾਰ ਦੇ ਅਧੀਨ ਆ ਜਾਵੇਗਾ ਅਤੇ ਚਿਪ ਵਾਲੇ ਮੀਟਰ ਲਾ ਕੇ ਕਿਸਾਨਾਂ ਅਤੇ ਘਰੇਲੂ ਖਪਤਕਾਰਾਂ ਨੂੰ ਮਿਲਦੀ ਮੁਫਤ ਬਿਜਲੀ ਦੀ ਸ਼ਹੂਲਤ ਨੂੰ ਖਤਮ ਕਰ ਦਿੱਤਾ ਜਾਵੇਗਾ। ਉਹਨਾਂ ਕਿਹਾ ਕੇ ਪਹਿਲਾ ਭਾਖੜਾ ਡੈਮ ਅਤੇ ਹੁਣ ਪੰਜਾਬ ਯੂਨਿਵਰਸਿਟੀ ਚੰਡੀਗੜ੍ਹ ਤੇ ਪੰਜਾਬ ਦਾ ਹੱਕ ਖਤਮ ਕਰਨ ਦੀ ਕੋਸਿਸ਼ ਕੀਤੀ ਜਾ ਰਹੀ ਹੈ। ਹੜ੍ਹ ਪੀੜ੍ਹਤਾਂ ਨੂੰ ਮੁਆਵਜਾ ਦੇਣ ਦੀ ਥਾਂਹ ਸਿਰਫ ਲਾਰੇ ਲਾਏ ਜਾ ਰਹੇ ਹਨ। ਗੰਨਾ ਮਿੱਲਾਂ ਨੂੰ ਚਾਲੂ ਨਹੀਂ ਕੀਤਾ ਜਾ ਰਿਹਾ ਅਤੇ ਨਾ ਹੀ ਗੰਨੇ ਦੇ ਰੇਟ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਇਸ ਕਰਕੇ ਕਿਸਾਨਾ ਨੂੰ ਲਾਮਬੰਦ ਹੋਣ ਦੀ ਲੋੜ ਹੈ। ਮੀਟਿੰਗਾਂ ਵਿੱਚ ਜਥੇਬੰਦੀ ਦੇ ਬਲਾਕ ਆਗੂ ਸੰਦੀਪ ਸਿੰਘ ਮਿੰਟੂ ਸਿਕੰਦਰਪੁਰ, ਅਮਰੀਕ ਸਿੰਘ, ਗੁਰਮੁੱਖ ਸਿੰਘ, ਸੰਤੋਖ ਸਿੰਘ ਰਸੂਲਪੁਰ, ਗੁਰਦੀਪ ਸਿੰਘ ਚਾਹਲ ਪੁਰ, ਤਰਸੇਮ ਸਿੰਘ ਅਤੇ ਲਖਵੀਰ ਸਿੰਘ ਹਾਜਰ ਸਨ।

## ਸਰਕਾਰ ਦਾ ਕਿਹਾ ਸਿਰ ਮੱਥੇ ਪਰਨਾਲਾ ਉੱਥੇ ਦਾ ਉੱਥੇ --ਹਰਮਨਜੀਤ ਸਿੰਘ ਨੰਬਰਦਾਰ





**ਬੰਗਾ (ਚਰਨਜੀਤ ਸੱਲ੍ਹਾਂ )** ਸਰਕਾਰ ਦਾ ਕਿਹਾ ਸਿਰ ਮੱਥੇ ਪਰਨਾਲਾ ਉਥੇ ਦਾ ਉਥੇ ਇਹ ਗੱਲ ਬਿਲਕੁਲ ਢੁਕਦੀ ਦੀ ਹੈਂ ਕਿਉਂਕਿ ਕਿ ਬਹਿਰਾਮ ਤੋਂ ਮੁਕੰਦਪੁਰ ਨੂੰ ਸੜ੍ਹਕ ਜਾਂਦੀ ਹੈ ਜਿਸ ਤੇ ਲਗਭਗ 20 ਪਿੰਡ ਹੈ ਉਸ ਸੜ੍ਹਕ ਤੇ ਇੱਕ ਰੇਲਵੇ ਫਾਟਕ ਆਉਂਦਾ ਹੈ ਜਿਹੜਾ ਕਿ ਕਈ ਦਿਨਾਂ ਤੋਂ ਪੁੱਟਿਆ ਹੋਇਆ ਹੈ ਉਹ ਰੇਲਵੇ ਪ੍ਰਸ਼ਾਸਨ ਦਾ ਉਸ ਵੱਲ ਕੋਈ ਧਿਆਨ ਨਹੀਂ ਹੈ ਉਥੇ ਲੋਕਾਂ ਦੀ ਖਜਲ ਖੁਵਾਰੀ ਹੁੰਦੀ ਹੈ ਉਸ ਸੜ੍ਹਕ ਤੇ ਸਦਾ ਲਈ ਫਾਟਕ ਬੰਦ ਰੱਖਿਆ ਗਿਆ ਹੈ ਕਿਉਂਕਿ ਕਿ ਉਨ੍ਹਾਂ ਕੋਲੋਂ ਹਾਲੇ ਕੰਮ ਨਹੀਂ ਹੋਇਆ ਇਹ ਜਾਣਕਾਰੀ ਹਰਮਨਜੀਤ ਸਿੰਘ ਨੰਬਰਦਾਰ ਨੇ ਦਿੱਤੀ ਹੈ ਉਸ ਦਾ ਕਹਿਣਾ ਹੈ ਕਿ ਰੇਲਵੇ ਪ੍ਰਸ਼ਾਸਨ ਨੂੰ ਅਪੀਲ ਹੈ ਕਿ ਇਸ ਕੰਮ ਨੂੰ ਜਲਦੀ ਤੋਂ ਜਲਦੀ ਕੀਤਾ ਜਾਵੇ ਤਾਂ ਕਿ ਲੋਕਾਂ ਦਾ ਲੰਘਣਾ ਸੁਖਾਲਾ ਹੋ ਸਕੇ।

# ਹਫਤੇ 'ਚ ਰਾਜਾ ਵੜਿੰਗ ਦੀ ਗਿਰਫਤਾਰੀ ਨਾ ਹੋਈ ਤਾਂ ਕਰਾਂਗੇ ਤਿੱਖਾ ਸੰਘਰਸ਼ : ਰੰਘਰੇਟਾ ਦੱਲ

## ਜੋਗਿੰਦਰ ਮਾਨ ਦੀ ਪ੍ਰਧਾਨਗੀ ਹੇਠ ਫਗਵਾੜਾ 'ਚ ਹੋਈ ਹੰਗਾਮੀ ਮੀਟਿੰਗ



**ਫਗਵਾੜਾ (ਚਰਨਜੀਤ ਸੱਲ੍ਹਾਂ )** ਆਲ ਇੰਡੀਆ ਰੰਘਰੇਟਾ ਦੱਲ ਦੀ ਹੰਗਾਮੀ ਮੀਟਿੰਗ ਕੌਮੀ ਪ੍ਰਧਾਨ ਜੋਗਿੰਦਰ ਸਿੰਘ ਮਾਨ ਸਾਬਕਾ ਮੰਤਰੀ ਪੰਜਾਬ ਦੀ ਪ੍ਰਧਾਨਗੀ ਹੇਠ ਉਹਨਾਂ ਦੇ ਗ੍ਰਹਿ ਫਗਵਾੜਾ ਵਿਖੇ ਹੋਈ। ਜਿਸ ਵਿੱਚ ਪੰਜਾਬ ਪ੍ਰਧਾਨ ਜੋਗਿੰਦਰ ਸਿੰਘ ਟਾਈਗਰ ਤੋਂ ਇਲਾਵਾ ਸੂਬਾ ਕਮੇਟੀ ਅਤੇ ਵੱਖ-ਵੱਖ ਜਿਲ੍ਹਿਆਂ ਦੇ ਪ੍ਰਧਾਨਾਂ ਨੇ ਸ਼ਿਰਕਤ ਕੀਤੀ। ਇਸ ਦੌਰਾਨ ਰੰਘਰੇਟਾ ਦੱਲ ਦੇ ਸਮੂਹ ਆਗੂਆਂ ਨੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਤਰਨਤਾਰਨ ਜਿਮਨੀ ਚੋਣ ਪ੍ਰਚਾਰ ਦੌਰਾਨ ਦੇਸ਼ ਦੇ ਸਾਬਕਾ ਗ੍ਰਹਿ ਮੰਤਰੀ ਸਵ.ਬੂਟਾ ਸਿੰਘ ਬਾਰੇ ਕੀਤੀ ਨਸਲੀ ਟਿੱਪਣੀ ਦੀ ਸਖ਼ਤ ਨਖੇਦੀ ਕਰਦਿਆਂ ਤਰਨ-ਤਾਰਨ ਦੇ ਪੁਲਿਸ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਇਕ ਹੱਫਤੇ ਦੇ ਅੰਦਰ ਰਾਜਾ ਵੜਿੰਗ ਦੀ ਗਿਰਫਤਾਰੀ ਨਾ ਹੋਈ ਤਾਂ ਰੰਘਰੇਟਾ ਦੱਲ ਵਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ ਜੋ ਕਿ ਸਵ. ਬੂਟਾ ਸਿੰਘ ਦੇ ਭਾਣਜੇ ਵੀ ਹਨ, ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਐਸ.ਸੀ. ਸਮਾਜ ਦੇ ਬਹੁਤ ਪੜ੍ਹੇ-ਲਿਖੇ, ਸੂਝਵਾਨ ਅਤੇ ਆਪਣੀ ਹੀ ਪਾਰਟੀ ਦੇ ਸੀਨੀਅਰ ਆਗੂ ਬਾਰੇ ਸਖ਼ਤ ਇਤਰਾਜਯੋਗ ਸ਼ਬਦਾਂ ਦੀ ਵਰਤੋਂ ਕੀਤੀ ਹੈ। ਪਰ ਬਾਵਜੂਦ ਇਸ ਦੇ ਰਾਜਾ ਵੜਿੰਗ ਦੀ ਹੁਣ ਤੱਕ ਗਿਰਫਤਾਰੀ ਨਹੀਂ ਹੋਈ ਹੈ। ਮੀਟਿੰਗ ਦੌਰਾਨ ਮੋਜੂਦ ਰਹੇ ਆਮ ਆਦਮੀ ਪਾਰਟੀ ਦੇ ਸੂਬਾ ਸਪੋਕਸ ਪਰਸਨ ਅਤੇ ਵਿਧਾਨਸਭਾ ਹਲਕਾ ਫਗਵਾੜਾ ਦੇ ਇੰਚਾਰਜ ਹਰਨੂਰ ਸਿੰਘ (ਹਰਜੀ) ਮਾਨ ਨੇ ਰੰਘਰੇਟਾ ਦੱਲ ਦੇ ਸਮੂਹ ਆਗੂਆਂ ਨੂੰ ਭਰੋਸਾ ਦਿੱਤਾ ਕਿ ਰਾਜਾ ਵੜਿੰਗ ਦੀ ਗਿਰਫਤਾਰੀ ਨੂੰ ਯਕੀਨੀ ਬਣਾਇਆ ਜਾਵੇਗਾ ਤਾਂ ਜੋ ਭਵਿੱਖ 'ਚ ਕੋਈ ਵੀ ਸਿਆਸੀ ਆਗੂ ਮਜ੍ਹਬੀ ਸਿੱਖ ਅਤੇ ਵਾਲਮੀਕਿ ਭਾਈਚਾਰੇ ਨੂੰ ਲੈ ਕੇ ਅਜਿਹੀ ਇਤਰਾਜਯੋਗ ਟਿੱਪਣੀ ਨਾ ਕਰ ਸਕੇ। ਮੀਟਿੰਗ ਦੌਰਾਨ ਮਜ੍ਹਬੀ ਸਿੱਖ ਅਤੇ ਵਾਲਮੀਕ ਭਾਈਚਾਰੇ ਨੂੰ ਪੇਸ਼ ਆ ਰਿਹਾ ਮੁਸ਼ਕਲਾਂ ਬਾਰੇ ਵੀ ਵਿਚਾਰਾਂ ਕੀਤੀਆਂ ਗਈਆਂ। ਹਰਜੀ ਮਾਨ ਨੇ ਪੁਲਿਸ, ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਨਾਲ ਸਬੰਧਤ ਮੁਸ਼ਕਲਾਂ ਦੇ ਹਲ ਦਾ ਰੰਘਰੇਟਾ ਦੱਲ ਦੇ ਆਗੂਆਂ ਨੂੰ ਭਰੋਸਾ ਦਿੱਤਾ। ਇਸ ਮੌਕੇ ਪਰਮਜੀਤ ਸਿੰਘ ਮੋਗਾ,ਰਸ਼ਪਾਲ ਸਿੰਘ ਪਠਾਨਕੋਟ,ਮੇਜਰ ਸਿੰਘ ਲੰਬੀ, ਮਹਿੰਦਰ ਸਿੰਘ ਕਪੂਰਥਲਾ,ਜਗਤਾਰ ਸਿੰਘ ਧਨੋਲਾ,ਪ੍ਰੇਮ ਸਿੰਘ,ਮਨਸਾ ਸਿੰਘ ਫਿਰੋਜਪੁਰ,ਜਸਵੀਰ ਸਿੰਘ ਸੱਬਰਵਾਲ,ਬੂਟਾ ਸਿੰਘ, ਰਸ਼ਪਾਲ ਸਿੰਘ ਕੋਟਕਪੂਰਾ,ਐਡਵੋਕੇਟ ਰਮੇਸ਼ ਸਿੰਘ ਕੋਟਕਪੂਰਾ,ਰੂਪ ਸਿੰਘ ਬਠਿੰਡਾ,ਮੇਜਰ ਸਿੰਘ ਮੁਕਤਸਰ,ਸਰਬਜੀਤ ਕੌਰ ਕੋਟਕਪੂਰਾ,ਰਸ਼ਪਾਲ ਸਿੰਘ ਕੋਟਕਪੂਰਾ, ਅਮਰਜੀਤ ਸਿੰਘ ਦੌਲੇਵਾਲ,ਧਰਮਵੀਰ ਸੇਠੀ,ਬਲਜਿੰਦਰ ਸਿੰਘ,ਡਾ. ਨਿੰਰਜਨ ਸਿੰਘ ਸ਼ਾਹਕੋਟ,ਬਾਬਾ ਮਨਪ੍ਰੀਤ ਸਿੰਘ,ਡਾ.ਨਿਰੰਜਨ ਸਿੰਘ, ਸ਼ਿੰਦਰ ਪਾਲ,ਬਲਜਿੰਦਰ ਸਿੰਘ,ਪਰਮਜੀਤ ਸਿੰਘ ਸਤਾਰਾ ਆਦਿ ਹਾਜਰ ਸਨ।

for more news visit:
www.samajweekly.com

# ਹਾਥੀ ਦੇ ਦੰਦ

ਕੋਈ ਕਹੇ ਆਬਾਦੀ ਘੱਟ 'ਗੀ ,
ਕੋਈ ਕਹੇ ਨਸਬੰਦੀ ਕਰਓ ।
ਕੋਈ ਕਹੇ ਤੁਰ ਜਾਓ ਵਿਦੇਸ਼ੀ ,
ਕੋਈ ਕਹੇ ਭਈਆਂ ਨੂੰ ਭਜਾਓ।
ਦੋਹਰੀ ਜ਼ਿੰਦਗੀ ਜਿਉਣ ਵਾਲਿਓ,
ਥੋੜੇ 'ਤੇ ਵਿਸ਼ਵਾਸ਼ ਰਿਹਾ ਨਾ ;
ਕਾਗ਼ਜ਼ਾਂ ਵਿੱਚ ਪੰਜਾਬੀ ਲਾਗੂ ,
ਅਮਲ ਕਹਿਣ ਅੰਗਰੇਜ਼ ਬਣਾਓ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

# ਜੱਗ ਜਿਉਂਦਿਆਂ ਦੇ ਮੇਲੇ

ਜਿਉਂਦੇ ਜੀ ਨਾ, ਜੇ ਕਦੇ ਵੀ ਸਾਰ ਲੀਤੀ
ਮੋਇਆਂ ਬਾਅਦ ਫਿਰ ਸੋਗ, ਮਨਾਵਣਾ ਕੀ
ਕੀਤੀ ਨਫ਼ਰਤ ਬੁਲਾਇਆ ਨਹੀਂ ਉਮਰ ਸਾਰੀ
'ਵਾਜਾਂ ਮੋਇਆਂ ਨੂੰ ਮਾਰ, ਬੁਲਾਵਣਾ ਕੀ
ਮੇਲਾ ਉਹੀ ਜੋ ਜਿਉਂਦਿਆਂ, ਹੋਵੇ ਜੱਗ 'ਤੇ
ਮੋਇਆਂ ਬਾਅਦ ਫਿਰ ਮਿਲਣਾ-ਮਿਲਾਵਣਾ ਕੀ
"ਖੁਸ਼ੀ" ਮਰ ਗਿਆ ਤਰਸਦਾ, ਰੋਟੀ ਨੂੰ , ਜੋ
ਉਹਦੇ ਨਾਂ ਦਾ ਲੰਗਰ ਫਿਰ ਲਾਵਣਾ ਕੀ



**ਖੁਸ਼ੀ ਮੁਹੰਮਦ 'ਚੱਠਾ'**

# ਵਰੇਗੰਢ ਮੁਬਾਰਕ



**ਜੀਵਨ ਕੁਮਾਰ ਅਤੇ ਡਿੰਪਲ ਬਲਾਚੌਰ ਨੇ ਆਪਣੀ ਵਿਆਹ ਦੀ 30ਵੀਂ ਵਰੇਗੰਢ ਮਨਾਈ**

ਫੋਟੋ ਦਾ ਵੇਰਵਾ ਜਤਿੰਦਰ ਪਾਲ ਸਿੰਘ ਕਲੇਰ ਨਵਾਂਸ਼ਹਿਰ

# ਤੁਸੀਂ ਰਿਸ਼ਤਾ ਰੱਖਿਆ ਨਾ....

1. ਜਿਸਨੇ ਮੇਰੇ ਨਾਲ
ਰਿਸ਼ਤਾ ਕਦੇ ਰੱਖਿਆ ਹੀ ਨਾ ,
ਉਸ ਮਤਲਬੀ ਰਿਸ਼ਤੇ ਨੂੰ
ਮੈਂ ਕੀ ਦੇਵਾਂ ਨਾਂ....?
2. ਮੇਰੇ ਨਾਲ ਰਿਸ਼ਤਾ ਨਿਭਾਓਗੇ
ਮੈਂ ਵੀ ਤਾਂ ਹੀ ਨਿਭਾਵਾਂਗਾ ,
ਤੁਸੀਂ ਦੂਰ ਜਾਓਗੇ
ਤਾਂ ਮੈਂ ਵੀ ਦੂਰ ਹੋ ਜਾਵਾਂਗਾ....
3. ਰਿਸ਼ਤਾ ਰੱਖਣ ਨਾਲ ਹੁੰਦਾ
ਸੁਆਦ ਚੱਖਣ ਨਾਲ ਹੁੰਦਾ
ਰਾਜ਼ ਦੀਆਂ ਗੱਲਾਂ ਹੁੰਦੀਆਂ ਕਈ
ਵੰਡ ਤਾਂ ਦੁੱਖ ਦੱਸਣ ਨਾਲ ਹੁੰਦਾ ....
4. ਉਦੋਂ
ਮੈਂ ਵੀ ਟੁੱਟਿਆ ਸੀ ,
ਜਦੋਂ ਆਪਣਿਆਂ ਹੱਥੋਂ
ਗਿਆ ਮੈਂ ਵੀ ਲੁੱਟਿਆ ਸੀ....
5. ਜ਼ਿੰਦਗੀ ਹੈ ਚਲਦੀ ਰਹੇਗੀ
ਧੱਕੇ ਨਾਲ ਵੀ ਤੇ ਪਿਆਰ ਨਾਲ ਵੀ ,
ਜ਼ਿੰਦਗੀ ਹੈ ਚਲਦੀ ਰਹੇਗੀ
ਦੁਸ਼ਮਣ ਨਾਲ ਵੀ ਤੇ ਯਾਰ ਨਾਲ ਵੀ....
6. ਮੈਂ ਰੋਂਦਾ ਵੀ ਰਿਹਾ
ਮੈਂ ਕੁਰਲਾਉਂਦਾ ਵੀ ਰਿਹਾ
ਪਰ ਮੇਰੇ ਲਈ ਪੱਥਰ ਦਿਲ ਸੀ ਸਾਰੇ ,
ਠੋਕਰਾਂ ਖਾ ਕੇ ਗਮਾਂ ਦੀ ਚੱਟਾਨ ਬਣ ਗਿਆ ਹਾਂ ਮੈਂ
ਕਦੇ ਮੈਂ ਤਰਲੇ ਪਾਉਂਦਾ ਵੀ ਰਿਹਾ ;
ਹੁਣ ਮੈਂ ਬਦਲਣ ਵਾਲਾ ਨਹੀਂ ,
ਕਦੇ ਇਕੱਲਾ ਗਮਾਂ ਨਾਲ ਸੌਂਦਾ ਵੀ ਰਿਹਾ ਮੈਂ ....
7. ਜ਼ਿੰਦਗੀ ਦੇ ਹਰ ਤੂਫ਼ਾਨ ਵਿੱਚ ਮੈਂ ਇਕੱਲਾ ਖੜ੍ਹਿਆ
ਆਪਣੀ ਹਰ ਮਜ਼ਬੂਰੀ , ਹਰ ਪ੍ਰੇਸ਼ਾਨੀ ਨਾਲ ਇਕੱਲਾ ਮੈਂ ਲੜਿਆ ,
ਆਪਣੇ ਸਾਰੇ ਮੇਰਾ ਸਾਥ ਦੇਣ ਤੋਂ ਇਨਕਾਰੀ ਹੋਏ
ਇਸੇ ਲਈ ਜ਼ਿੰਦਗੀ ਦੀ ਹਰ ਸੂਲੀ 'ਤੇ ਇਕੱਲਾ ਮੈਂ ਚੜ੍ਹਿਆ.....
8. ਪੌਂਦੇ ਲਗਾ ਕੇ
ਕਿਸੇ ਦਾ ਦੁੱਖ ਵੰਡਾ ਕੇ
ਬਹੁਤ ਸਕੂਨ ਮਿਲਦਾ
ਕਿਸੇ ਰੋਂਦੇ ਨੂੰ ਹਸਾ ਕੇ....
9. ਤੇਰੇ ਰਾਹਾਂ 'ਤੇ ਚੱਲੇ ਹਾਂ
ਭਾਵੇਂ ਕੋਈ ਨਾਲ ਹੋਵੇ
ਜਾਂ ਨਹੀਂ ,
ਅਸੀਂ ਅੱਜ ਵੀ ਇਕੱਲੇ ਹਾਂ ....
10. ਮਿੱਤਰੋ ! ਫੋਕੀਆਂ ਗੱਪਾਂ ਕਦੇ ਮਾਰੋ ਨਾ
ਜ਼ਿੰਦਗੀ ਦੇ ਹਨੇਰਿਆਂ 'ਚ ਕਦੇ ਵੀ ਤੁਸੀਂ ਹਾਰੋ ਨਾ
ਗਮਾਂ ਵਾਲੀਆਂ ਰਾਤਾਂ ਲੰਘ ਜਾਣਗੀਆਂ
ਐਵੇਂ ਲਾਲਚ ਵਿੱਚ ਆ ਕੇ ਠੱਗੀਆਂ ਕਿਸੇ ਨਾਲ ਮਾਰੋ ਨਾ....
11. ਕੁਝ ਯਾਦਾਂ
ਯਾਦਾਂ ਬਣ ਜਾਂਦੀਆਂ ਨੇ ,
ਕੁਝ ਯਾਦਾਂ
ਮੁੜ - ਮੁੜ ਸਤਾਉਂਦੀਆਂ ਨੇ ,
ਇਹ ਯਾਦਾਂ ਵੀ ਬੜਾ ਕਮਾਲ ਕਰਦੀਆਂ
ਵਾਰ - ਵਾਰ ਯਾਦ ਆਉਂਦੀਆਂ ਨੇ....
12. ਕਦੇ ਮੁਸਕੁਰਾਉਂਦੇ
ਕਦੇ ਹਸਾਉਂਦੇ
ਬੱਚੇ ਵੀ ਬੱਚੇ ਨੇ
ਕਦੇ ਮੈਨੂੰ ਭਰਮਾਉਂਦੇ....



**ਮਾਸਟਰ ਸੰਜੀਵ ਧਰਮਾਣੀ**
**ਸ਼੍ਰੀ ਅਨੰਦਪੁਰ ਸਾਹਿਬ**
9478561356

# ਮੰਨੋ ਜਾਂ ਨਾ ਮੰਨੋ

ਗੁਰਮੀਤ ਦਾ ਬਾਈ ਇਹੋ ਕਹਿਣਾ
ਘਰਵਾਲੀ ਦੀ ਰਜ਼ਾ ਚ ਰਹਿਣਾਂ
ਜਵਾਬ ਦੇਣ ਦੀ ਲੋੜ ਕੋਈ ਨਹੀਂ ਜੇ ਕੋਈ ਗੱਲ ਉਹ ਆਖੇ,
ਵੇਖ ਲਿਓ ਅਜ਼ਮਾ ਕੇ ਨੁੱਸਕਾ,ਘਰ ਸਵਰਗ ਦੇ ਵਾਂਗੂੰ ਜਾਪੇ,
ਮੋੜ ਕੇ ਕੋਈ ਜਵਾਬ ਦਿਓ ਨਾ, ਨਹੀਂ
ਪਹਾੜ ਦੁੱਖਾਂ ਦਾ ਢਹਿਣਾ
ਆਪਣਾ ਤੇ ਬਾਈ ਇਹੋ ਕਹਿਣਾ
ਕਿਸੇ ਗੱਲ ਤੋਂ ਨਾਂਹ ਨਹੀਂ ਕਰਨੀ, ਹਾਮੀਂ ਦੇ ਵਿੱਚ ਹਾਮੀ ਭਰਨੀ,
ਰੋਟੀ ਪਾਣੀ ਮਿਲੂਗਾ ਤਾਜ਼ਾਂ, ਸਿੱਖ ਗਏ ਜੇ ਹਰ ਗੱਲ ਜਰਨੀ
ਕਾਂ ਵਾਂਗੂ ਨਹੀਂ ਕਾਂ ਕਾਂ ਕਰਨੀ ਬਣਕੇ ਰਹਿਣਾ ਮੈਨਾਂ
ਆਪਣਾ ਤੇ ਬਾਈ ਇਹੋ ਕਹਿਣਾ
ਮੰਨਣਾ ਜਾਂ ਨਾ ਮੰਨਣਾ ਅੱਗੋ ਤੁਹਾਡੀ ਮਰਜੀ ਆ
ਧਿਆਨ ਦਿਓ ਗੁਰਮੀਤ ਦੀ ਗੱਲ ਤੇ ਆਖ ਦਿਓ ਨਾ ਫਰਜੀ ਆ
ਹਾਂਜੀ ਹਾਂਜੀ ਕਰੋ ਹਮੇਸ਼ਾ ਜੇ ਸੁੱਖ ਜ਼ਿੰਦਗੀ ਦਾ ਤੁਸੀਂ ਲੈਣਾ
ਮੇਰਾ ਮਿੱਤਰੋ ਇਹੋ ਕਹਿਣਾ,,,



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

# ਜਨਮ ਦਿਨ ਮੁਬਾਰਕ



**ਵਾਣੀ ਕੌਰ ਸੰਘਾ**
**ਪਿਤਾ -ਹਰਜਿੰਦਰ ਸਿੰਘ**
**ਮਾਤਾ -ਕੋਮਲਪ੍ਰੀਤ ਕੌਰ**
**ਪਿੰਡ -ਤਨੂੰਲੀ (ਹੁਸ਼ਿਆਰਪੁਰ)**

# ਸ਼ਹੀਦੀ ਸਮਾਗਮ ਮੌਕੇ ਵਿਦਿਆਰਥੀਆਂ ਨੂੰ ਸਰਦੀਆਂ ਦੇ ਮੌਸਮ ਦੇ ਮੱਦੇਨਜ਼ਰ ਜੈਕਟਾਂ ਭੇਂਟ

## ਸਮਾਜ ਭਲਾਈ ਦੇ ਕੰਮ ਭਾਗਾਂ ਵਾਲਿਆਂ ਦੇ ਹਿੱਸੇ ਆਉਂਦੇ ਹਨ – ਗੋਸ਼ੀ

**ਕਪੂਰਥਲਾ, ( ਵਿਸ਼ੇਸ਼ ਪ੍ਰਤੀਨਿਧ )–** ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350 ਸਾਲ ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦਰ ਜੀ (1675-2025)ਸ਼ਹੀਦੀ ਸਮਾਗਮ ਮੌਕੇ ਪੰਜਾਬ ਐਂਡ ਸਿੰਧ ਬੈਂਕ ਕਪੂਰਥਲਾ ਸ਼ਾਖਾ ਦੇ ਚੀਫ ਮੈਨੇਜਰ ਸ੍ਰੀ ਅਨਿਲ ਕੁਮਾਰ, ਸ੍ . ਪਰਮਿੰਦਰ ਸਿੰਘ ਚੰਦੀ, ਸ੍. ਦਵਿੰਦਰਪਾਲ ਸਿੰਘ ਮਹਿਰੋਕ ਇੰਟਰਨੈਸ਼ਨਲ ਹਾਕੀ ਪਲੇਅਰ, ਸ੍. ਗੁਰਜੀਤ ਸਿੰਘ ਚੀਮਾ ਇੰਟਰਨੈਸ਼ਨਲ ਬਾਸਕਟ ਬਾਲ ਖਿਡਾਰੀ , ਸ੍ ਹਰਪਾਲ ਸਿੰਘ ਜੰਮੂ ਜਰਮਨ ਵੱਲੋਂ ਸਰਕਾਰੀ ਮਿਡਲ ਅਤੇ ਪ੍ਰਾਇਮਰੀ ਸਕੂਲ ਸੁੰਨੜਵਾਲ ਕਪੂਰਥਲਾ ਦੇ



ਵਿਦਿਆਰਥੀਆਂ ਨੂੰ ਸਰਦੀਆਂ ਦੇ ਮੌਸਮ ਨੂੰ ਦੇਖਦੇ ਹੋਏ ਜੈਕਟਾਂ ਭੇਂਟ ਕੀਤੀਆਂ ਗਈਆਂ । ਇਸ ਮੌਕੇ ਤਰਲੋਚਨ ਸਿੰਘ ਗੋਸ਼ੀ ਨੇ ਆਏ ਹੋਏ ਦਾਨੀ ਸੱਜਣਾਂ ਨੂੰ ਜੀ ਆਇਆਂ ਆਖਿਆ ਅਤੇ ਧੰਨਵਾਦ ਕਰਦਿਆਂ ਹੋਇਆ ਕਿਹਾ ਕਿ ਸਮਾਜ ਭਲਾਈ ਲਈ ਕੰਮ ਭਾਗਾਂ ਵਾਲਿਆਂ ਦੇ ਜ਼ਿੰਮੇ ਆਉਂਦੇ ਹਨ । ਇਸ ਮੌਕੇ ਸਕੂਲ ਇੰਚਾਰਜ ਸ੍ ਸੁਖਦਿਆਲ ਸਿੰਘ ਝੰਡ ਨੇ ਬੱਚਿਆਂ ਨੂੰ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਸੰਬੰਧੀ ਚਾਨਣਾ ਪਾਇਆ ਅਤੇ ਮਾਨਵਤਾ ਹਿਤੈਸ਼ੀ ਕੰਮ ਕਰਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਨਾਲ ਹੀ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਉਹਨਾਂ ਨੂੰ ਗੁਰੂ ਦੀ ਬਖਸ਼ਿਸ਼ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਮਨੂੰ ਕੁਮਾਰ ਪਰਾਸ਼ਰ ਅਤੇ ਹਰਦੇਵ ਸਿੰਘ ਖਾਨੋਵਾਲ ਆਦਿ ਹਾਜ਼ਰ ਸਨ।

# "ਪੁਸਤਕ ਦਾਨ-ਮਹਾਂਦਾਨ" ਮੁਹਿੰਮ ਤਹਿਤ ਵੰਡੀਆਂ ਗਈਆਂ ਕਿਤਾਬਾਂ

**ਕਪੂਰਥਲਾ (ਕੌੜਾ )–** ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਕਪੂਰਥਲਾ ਵੱਲੋਂ ਪੰਜਾਬੀ ਮਾਹ ਨੂੰ ਸਮਰਪਿਤ ਮੁਹਿੰਮ "ਪੁਸਤਕ ਦਾਨ-ਮਹਾਂਦਾਨ" ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਸਾਹਿਤਕਾਰਾਂ ਅਤੇ ਹੋਰ ਉੱਘੀਆਂ ਸ਼ਖਸ਼ੀਅਤਾਂ ਵੱਲੋਂ ਪੁਸਤਕਾਂ ਭੇਂਟ ਕਰਦੇ ਹੋਏ ਯੋਗਦਾਨ ਪਾਇਆ ਗਿਆ। ਮਿਤੀ 24-11-2025 ਨੂੰ ਗੁਰੂ ਨਾਨਕ ਜ਼ਿਲ੍ਹਾ ਲਾਇਬਰੇਰੀ, ਕਪੂਰਥਲਾ ਵਿਖੇ ਪੁਸਤਕ ਭੇਂਟ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਮੌਕੇ ਜ਼ਿਲ੍ਹੇ ਦੀਆਂ ਲਗਭਗ 10 ਪੇਂਡੂ ਲਾਈਬ੍ਰੇਰੀਆਂ, ਲੱਗਭਗ 25 ਪ੍ਰਾਇਮਰੀ ਸਕੂਲਾਂ ਨੂੰ ਅਤੇ ਸ਼ਹਿਰ ਦੇ ਸਕੂਲ ਇਸ ਸਮਾਗਮ ਵਿੱਚ ਸ਼ਾਮਲ ਹੋਏ ਸਨ, ਸ਼ਾਮਲ ਹੋਏ ਸਾਰੇ ਸਕੂਲਾਂ ਅਤੇ ਲਾਇਬ੍ਰੇਰੀਆਂ ਨੂੰ ਪੁਸਤਕਾਂ ਦੇ ਸੈੱਟ ਭੇਂਟ ਕੀਤੇ ਗਏ।

ਇਸ ਮੌਕੇ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਕਪੂਰਥਲਾ ਦੇ ਕਰਮਚਾਰੀਆਂ ਮਨੀਸ਼ ਕੁਮਾਰ ਅਤੇ ਸਲਮਾਨ ਨੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਦੀ ਪ੍ਰਦਰਸ਼ਨੀ ਲਗਾਈ ਗਈ, ਸ਼ਹਿਰ ਵਾਸੀਆਂ ਨੇ ਇਸ ਪ੍ਰਦਰਸ਼ਨੀ ਵਿੱਚ ਭਾਗ ਲਿਆ ਅਤੇ ਭਾਸ਼ਾ ਵਿਭਾਗ ਦੀਆਂ ਪੁਸਤਕਾਂ ਵੀ ਖਰੀਦੀਆਂ।

ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਸ਼੍ਰੀਮਤੀ ਪ੍ਰੋਮਿਲਾ ਅਰੋੜਾ, ਸੁਰਿੰਦਰ ਸਿੰਘ ਸੁੰਨੜ, ਡਾਕਟਰ ਹਰਭਜਨ ਸਿੰਘ, ਸ੍ਰੀ ਕੰਵਰ ਇਕਬਾਲ ਸਿੰਘ, ਸ਼੍ਰੀਮਤੀ ਸਕਿੰਦਰ ਕੌਰ (ਪ੍ਰਿੰਸੀਪਲ ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ ਕਪੂਰਥਲਾ) ਸ਼੍ਰੀਮਤੀ ਮੁਨੱਜ਼ਾ ਇਰਸ਼ਾਦ, ਸ਼੍ਰੀ ਸ਼ਹਿਬਾਜ਼ ਖਾਨ ਵੱਲੋਂ ਸਮਾਗਮ ਮੌਕੇ ਸ਼ਿਰਕਤ ਕਰਦੇ ਹੋਏ ਪੁਸਤਕਾਂ ਭੇਂਟ ਕੀਤੀਆਂ। ਕਿਤਾਬ ਮੰਚ ਕਪੂਰਥਲਾ



**ਪੁਸਤਕਾਂ ਦਾ ਸੈਟ ਭੇਟ ਕਰਦੇ ਹੋਏ ਜ਼ਿਲ੍ਹਾ ਭਾਸ਼ਾ ਅਫਸਰ ਜਸਪ੍ਰੀਤ ਕੌਰ ਤੇ ਨਾਲ ਹੋਰ ਸਖਸ਼ੀਅਤਾਂ।**

ਦੇ ਸੰਚਾਲਕ ਡਾ ਹਰਭਜਨ ਸਿੰਘ, ਜਨਰਲ ਸਕੱਤਰ ਸਵਰਾਜ ਕੌਰ, ਸਕੱਤਰ ਸੁਖਜੀਤ ਕੌਰ ਵੱਲੋਂ ਇਸ ਮੁਹਿੰਮ ਵਿੱਚ ਵੱਡਮੁੱਲਾ ਸਹਿਯੋਗ ਦਿੱਤਾ ਗਿਆ ਅਤੇ ਇਹ ਸੁਨਿਸ਼ਚਿਤ ਕੀਤਾ ਗਿਆ ਕਿ ਸਮਾਗਮ ਵਿੱਚ ਆਏ ਹੋਏ ਹਰੇਕ ਨਾਗਰਿਕ/ ਵਿਦਿਆਰਥੀ/ ਪਾਠਕ ਨੂੰ ਘੱਟੋ ਘੱਟ ਇੱਕ ਕਿਤਾਬ ਜਰੂਰ ਭੇਂਟ ਵਜੋਂ ਦਿੱਤੀ ਜਾ ਸਕੇ।

ਇਸ ਮੌਕੇ ਐਮ.ਡੀ.ਐਸ.ਡੀ ਸੀਨੀਅਰ ਸਕੈਂਡਰੀ ਸਕੂਲ ਕਪੂਰਥਲਾ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਰਾਕੇਸ਼ ਮਹਾਜਨ ਵੱਲੋਂ ਆਪਣੇ ਸਟਾਫ਼ ਮੈਂਬਰਾਂ ਨਾਲ ਸ਼ਿਰਕਤ ਕੀਤੀ ਅਤੇ ਆਪਣੇ ਸਕੂਲ ਦੇ ਵਿਦਿਆਰਥੀਆਂ ਨੂੰ ਪ੍ਰਦਰਸ਼ਨੀ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

। ਲਾਇਬਰੇਰੀ ਦੇ ਸਟਾਫ਼ ਸ਼੍ਰੀਮਤੀ ਸਵਰਾਜ ਕੌਰ ਵੱਲੋਂ ਇਸ ਸਮਾਗਮ ਲਈ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ।

ਇਸ ਸਮਾਗਮ ਦੌਰਾਨ ਸ੍ਰੀ ਜਸਬੀਰ ਸਿੰਘ, ਸ੍ਰੀ ਸਰਬਜੀਤ ਸਿੰਘ, ਹਰਜਿੰਦਰ ਸਿੰਘ, ਗੁਰਮੁਖ ਸਿੰਘ, ਅਜੀਤ ਸਿੰਘ, ਗੁਰਮੇਜ ਸਿੰਘ, ਜੋਤੀ ਸ਼ਰਮਾ, ਪੰਕਜ ਧੀਰ, ਹਰਮਿੰਦਰ ਸਿੰਘ, ਮਨਦੀਪ ਕੌਰ, ਰੇਖਾ, ਹਰਪ੍ਰੀਤ ਸਿੰਘ, ਅਰਜੀਤ ਸਿੰਘ, ਅਸ਼ਵਨੀ ਗਰੋਵਰ, ਅਮਿਤ ਸ਼ਰਮਾ, ਬਲਜਿੰਦਰ ਸਿੰਘ ਅਤੇ ਸੁਖਜੀਤ ਕੌਰ ਸ਼ਾਮਲ ਸਨ।

# ਭਾਈ ਰਾਮ ਕਿਸ਼ਨ ਸਕੂਲ ਵਿਖੇ ਕਰਵਾਈ ਗਈ ਸਲਾਨਾ ਸਪੋਰਟਸ ਮੀਟ


**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਭਾਈ ਰਾਮ ਕਿਸ਼ਨ ਗੁਰਮਤਿ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਅੱਜ ਸਲਾਨਾ ਸਪੋਰਟਸ ਮੀਟ ਕਰਵਾਈ ਗਈ। ਜਿਸ ਦੀ ਸ਼ੁਰੂਆਤ ਸ਼ਬਦ ਗਾਇਨ ਦੁਆਰਾ ਕੀਤੀ ਗਈ। ਉਸ ਤੋਂ ਬਾਅਦ ਸਕੂਲ ਦੇ ਚਾਰ ਹਾਊਸ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰ-ਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ ਹਾਊਸ ਦੀ ਪਰੇਡ ਕਰਵਾਈ ਗਈ। ਜਿਸ ਵਿੱਚ ਸਕੂਲ ਬੈਂਡ ਨਾਲ ਬੱਚਿਆਂ ਨੇ ਪਰੇਡ ਕੀਤੀ ਅਤੇ ਸਕੂਲ ਦੇ ਪ੍ਰਧਾਨ ਮਹੰਤ ਚਮਕੌਰ ਸਿੰਘ ਜੀ 'ਸੇਵਾਪੰਥੀ' , ਪ੍ਰਿੰਸੀਪਲ ਹਿੰਮਤ



ਕੌਰ ਅਤੇ ਡਾਇਰੈਕਟਰ ਰਮਣੀਕ ਸਿੰਘ ਘੁੰਮਣ ਨੂੰ ਸਲਾਮੀ ਦਿੱਤੀ। ਉਸ ਤੋਂ ਬਾਅਦ ਜੂਨੀਅਰ ਵਿੰਗ ਦੇ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਅਤੇ ਬੱਚਿਆਂ ਦੀਆਂ ਖੇਡਾਂ ਕਰਵਾਈਆਂ ਗਈਆਂ। ਉਸ ਤੋਂ ਬਾਅਦ ਰੀਲੇਅ, ਰੱਸਾ ਕੱਸੀ, ਕੁਸ਼ਤੀ, ਕਬੱਡੀ ਸਮੂਹ ਲਾਈਨ ਰੇਸ ਸੈਕਰੇਸ ਆਦਿ ਖੇਡਾਂ ਕਰਵਾਈਆਂ ਗਈਆਂ। ਅੰਤ ਵਿੱਚ ਵਿਜੇਤਾ ਵਿਦਿਆਰਥੀਆਂ ਨੂੰ ਮੈਡਲ ਵੰਡੇ ਗਏ। ਇਸ ਮੌਕੇ ਉੱਤੇ ਸਕੂਲ ਦੇ ਪ੍ਰਧਾਨ ਮਹੰਤ ਚਮਕੌਰ ਸਿੰਘ 'ਸੇਵਾਪੰਥੀ' ਨੇ ਕਿਹਾ ਕਿ ਖੇਡਾਂ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਜ਼ਰੂਰੀ ਹਨ, ਇਸ ਨਾਲ ਵਿਦਿਆਰਥੀ ਸਮਾਜਿਕ ਬੁਰਾਈਆਂ ਤੋਂ ਦੂਰ ਰਹਿੰਦੇ ਹਨ। ਇਹਨਾਂ ਬੱਚਿਆਂ ਨੇ ਹੀ ਆਉਣ ਵਾਲੇ ਭਵਿੱਖ ਵਿੱਚ ਦੇਸ਼ ਦਾ ਨਾਮ ਉੱਚਾ ਕਰਨਾ ਹੈ। ਅੰਤ ਵਿੱਚ ਡਾਇਰੈਕਟਰ ਰਮਣੀਕ ਸਿੰਘ ਘੁੰਮਣ ਨੇ ਸਟਾਫ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਵਿਸ਼ੇਸ਼ ਤੌਰ ਤੇ ਬੀ.ਐਡ. ਦੇ ਵਿਦਿਆਰਥੀਆਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ।

# ਜੋ ਸੇਕ ਬੁੱਧ ਧਮ ਵਿੱਚ ਹੋ ਚੁੱਕੇ ਸਨ ਉਸ ਨੂੰ ਬਾਬਾ ਸਾਹਿਬ ਡਾ ਅੰਬੇਡਕਰ ਜੀ ਨੇ ਭਰਨੇ ਦੀ ਕੋਸ਼ਿਸ਼ ਕੀਤੀ ਹੈ : ਇੰਜ ਵਿਸ਼ਾਲ ਖੈਰਾਂ

**ਜਲੰਧਰ (ਚਰਨਜੀਤ ਸੱਲ੍ਹਾਂ )** ਸਾਥੀਓ, ਮੈਂ ਆਪਣੇ ਅਮਰਜੀਤ ਬੰਗੜ ਵੱਲੋਂ ਲਿਖੀ ਗਈ ਮੇਰੀ ਜ਼ਿੰਦਗੀ ਦੀ ਪਹਿਲੀ ਕਿਤਾਬ "ਬੁੱਧ ਅਤੇ ਉਨ੍ਹਾਂ ਦਾ ਧੰਮ ਮੇਰੀ ਨਜ਼ਰ ਵਿੱਚ" ਨੂੰ ਕੁਝ ਦਿਨਾਂ ਤੱਕ,ਰਲੀਜ਼ ਕਰਨ ਉਪਰੰਤ ਆਪਜੀ ਨੂੰ ਭੇਟ ਕਰਨ ਜਾ ਰਿਹਾਂ ਹਾਂ, ਜੋ ਕਿ ਬਾਬਾ ਸਾਹਿਬ ਬੀ.ਆਰ.ਅੰਬੇਡਕਰ ਦੀ ਦੁਆਰਾ ਲਿਖੇ ਗਏ ਦੁਨੀਆ ਦੇ ਮਹਾਨ ਸ਼੍ਰੇਸ਼ਟ ਗ੍ਰੰਥ "ਬੁੱਧ ਅਤੇ ਉਨਾਂ ਦਾ ਧੰਮ" ਦੇ (ਪੰਜਾਬੀ ਅਨੁਵਾਦਾਂ) ਨਾਲ ਸੰਬੰਧਿਤ ਹੈ, ਜਿਸ ਵਿੱਚ ਬੁੱਧ ਅਤੇ ਉਨਾਂ ਦਾ ਧੰਮ" ਗ੍ਰੰਥ ਚੋਂ ਲਏ ਗਏ ਚੁਣਵੇਂ ਵਿੱਸ਼ੇ ਕੁਦਰਤ ਵਿਨੈ ,ਵਿਗਿਆਨ ਅਤੇ ਤਰਕਵਾਦੀ ਦ੍ਰਿਸ਼ਟੀਕੋਣ ਵਾਲੇ ਵਿਸ਼ਿਆਂ ਨੂੰ ਚੁਣ ਕੇ ਆਪ ਜੀ ਅੱਗੇ ਪੇਸ਼ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ। ਸਮੇਂ ਮੁਤਾਬਕ ਬੁੱਧ ਧੰਮ ਵਿੱਚ ਜੋ ਛੇਕ ਹੋ ਚੁੱਕੇ ਸਨ,




ਉਨ੍ਹਾਂ ਛੇਕਾਂ ਨੂੰ ਬਾਬਾ ਸਾਹਿਬ ਦੇ ਵਿਗਿਆਨਕ ਦ੍ਰਿਸ਼ਟੀਕੋਣ ਮੁਤਾਬਕ ਭਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਤੋਂ ਇਲਾਵਾ ਧੰਮ ਦੀ ਜਰੂਰਤ, ਧੰਮ ਇਤਿਹਾਸ, ਕਰਮ, ਗਿਆਨ, ਸ਼ੀਲ, ਨੈਤਿਕਤਾ ਬਾਰੇ ਲਿਖਣ ਦੀ ਇੱਕ ਛੋਟੀ ਜਿਹੀ ਕੋਸ਼ਿਸ਼ ਹੈ। ਉਮੀਦ ਹੈ ਬੁੱਧ ਧੰਮ ਪ੍ਰੇਮੀਆਂ ਨੂੰ ਵਿਗਿਆਨ, ਤਰਕ ਨਾਲ ਭਰਪੂਰ ਇਹ ਕਿਤਾਬ ਜਰੂਰ ਪਸੰਦ ਆਵੇਗੀ ਅਤੇ ਆਪਣੇ ਵਿਚਾਰ ਮੈਨੂੰ ਜਰੂਰ ਭੇਜਣਗੇ,ਜਿਸ ਨਾਲ ਇਸ ਕਿਤਾਬ ਨੂੰ ਮੈਂ ਹੋਰ ਲਾਭਕਾਰੀ ਬਣਾ ਸਕਾਂ।

............

ਇਸ ਪੋਸਟ ਨੂੰ ਸ਼ੇਅਰ ਕਰਕੇ ਮੇਰੀ ਹੌਂਸਲਾ ਅਫਜ਼ਾਈ ਕਰਨ ਲਈ ਆਪ ਜੀ ਦਾ ਤਹਿ ਦਿਲੋਂ ਧੰਨਵਾਦੀ ਹੋਵਾਂਗਾ।

ਲੇਖਕ:- ਇੰਜ:ਵਿਸ਼ਾਲ ਖੈਰਾ- ਵਾਸਤਵਿਕ ਕਲਮ ਤੋਂ।

ਕਿਤਾਬ ਖਰੀਦਣ ਲਈ ਤੁਸੀਂ ਹੇਠ ਦਿੱਤੇ ਪਤੇ ਅਤੇ ਫੋਨ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ

ਕਿਤਾਬ ਦਾ ਨਾਂ: ਬੁੱਧ ਅਤੇ ਉਨ੍ਹਾਂ ਦਾ ਧੰਮ ਮੇਰੀ ਨਜ਼ਰ ਵਿੱਚ”

**ਪਬਲੀਸ਼ਰ: ਟ੍ਰਿਪਲ ਜੈਮ ਪਬਲੀਕੇਸ਼ਨ, ਫਗਵਾੜਾ**

**ਫੋਨ ਨੰਬਰ: 99158-53404, 7707925975**

# ਆਰ.ਐਮ.ਪੀ.ਆਈ.ਪੰਜਾਬ ਕਿਰਤੀਆਂ ਦੀਆਂ ਕੁੱਲੀਆਂ 'ਚ 'ਮਨੂਵਾਦ ਭਜਾਓ ਬੇਗ਼ਮਪੁਰਾ ਵਸਾਓ' ਦਾ ਹੋਕਾ ਦਿਓ ਪਾਸਲਾ

## ਪੰਜਾਬ ਦੋਖੀ ਕੇਂਦਰੀ ਹੁਕਮਰਾਨਾਂ ਨੂੰ ਭਾਂਜ ਦੇਣ ਲਈ ਸਾਰੇ ਪੰਜਾਬੀ ਇਕਜੁੱਟ ਹੋਣ-ਜਾਮਾਰਾਏ

**ਫਗਵਾੜਾ (ਚਰਨਜੀਤ ਸੱਲ੍ਹਾਂ )** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰੇਤ ਦੀ ਮੀਟਿੰਗ ਨੂੰ ਸੰਬੋਧਨ ਕਰਨ ਲਈ ਉਚੇਚੇ ਪੁੱਜੇ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ,ਭਾਜਪਾ ਰਾਹੀਂ ਦੇਸ਼ ਦੀ ਕੇਂਦਰੀ ਸੱਤਾ 'ਤੇ ਕਾਬਜ ਆਰ.ਐਸ.ਐਸ.ਦੀਆਂ ਫਿਰਕੂ ਧਰੁਵੀਕਰਨ ਰਾਹੀਂ ਭਾਈਚਾਰਕ ਸਾਂਝ ਦੇ ਖਾਤਮੇ ਦੀਆਂ ਫਾਸ਼ੀਵਾਦੀ ਕੁਚਾਲਾਂ ਅਤੇ ਦੇਸ਼ ਦੇ ਮੌਜੂਦਾ ਸੰਵਿਧਾਨ ਦੀ ਥਾਂ ਦਲਿਤਾਂ-ਔਰਤਾਂ ਸਮੇਤ ਸਾਰੀ ਗਰੀਬ ਤੇ ਹਾਸ਼ੀਆਗਤ ਵਸੋਂ ਨੂੰ ਗੁਲਾਮ ਬਣਾਈ ਰੱਖਣ ਦੀ ਪੈਰਵੀ ਕਰਦੀ ਮਨੂੰ ਸਿਮਰਤੀ ਨੂੰ ਸ਼ਾਸਨ ਪੱਧਤੀ ਵਜੋਂ ਮੁੜ ਲਾਗੂ ਕਰਨ ਦੇ ਸੰਘ ਪਰਿਵਾਰ ਦੇ ਕੋਝੇ ਮਨਸੂਬੇ ਬੇਪਰਦ ਕੀਤੇ ਜਾਣ ਲਈ, ਪਾਰਟੀ ਕਮੇਟੀਆਂ ਨੂੰ ਤਕੜਾ ਹੰਭਲਾ ਮਾਰਨ ਦਾ ਸੱਦਾ ਦਿੱਤਾ ਹੈ। ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਦੱਸਿਆ ਹੈ ਕਿ ਸਕੱਤਰੇਤ ਵਲੋਂ 28 ਨਵੰਬਰ ਤੋਂ ਲੈ ਕੇ 16 ਦਸੰਬਰ ਤੱਕ ਸੂਬੇ ਦੇ ਇਕ ਹਜ਼ਾਰ ਪਿੰਡਾਂ ਅਤੇ ਸ਼ਹਿਰਾਂ-ਕਸਬਿਆਂ ਦੇ ਕਿਰਤੀ ਮੁਹੱਲਿਆਂ 'ਚ ਮੀਟਿੰਗਾਂ, ਰੈਲੀਆਂ, ਝੰਡਾ ਮਾਰਚ ਆਦਿ ਕਰਕੇ 'ਮਨੂੰਵਾਦ ਭਜਾਓ ਬੇਗ਼ਮਪੁਰਾ ਵਸਾਓ' ਮੁਹਿੰਮ ਵਿੱਢਣ ਦਾ ਨਿਰਣਾ ਲਿਆ ਗਿਆ ਹੈ। ਮੀਟਿੰਗ ਦੀ ਪ੍ਰਧਾਨਗੀ ਸਾਥੀ ਰਤਨ ਸਿੰਘ ਰੰਧਾਵਾ ਨੇ ਕੀਤੀ। ਸਕੱਤਰੇਤ ਨੇ ਆਰ.ਐਸ.ਐਸ.-ਭਾਜਪਾ, ਮੋਦੀ ਸਰਕਾਰ ਤੇ ਕੇਂਦਰੀ ਏਜੰਸੀਆਂ ਦੀ ਸ਼ਹਿ 'ਤੇ ਪੰਜਾਬ ਦਾ ਮਾਹੌਲ ਵਿਗਾੜਨ ਲਈ ਯਤਨਸ਼ੀਲ ਹਰ ਰੰਗ ਦੇ ਕੱਟੜਪੰਥੀਆਂ ਨੂੰ ਮੂੰਹ ਨਾ ਲਾਉਣ ਬਦਲੇ ਤਰਨਤਾਰਨ ਵਿਧਾਨ ਸਭਾ ਹਲਕੇ ਦੇ ਵੋਟਰਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਸਮਾਜ



ਵਿਰੋਧੀ ਤੱਤਾਂ ਦੀਆਂ ਸਾਜ਼ਿਸ਼ਾਂ ਤੋਂ ਲਗਾਤਾਰ ਸੁਚੇਤ ਰਹਿਣ ਦੀ ਪੁਰ-ਜ਼ੋਰ ਅਪੀਲ ਕੀਤੀ ਹੈ। ਸਕੱਤਰੇਤ ਨੇ ਪੰਜਾਬ ਅੰਦਰ ਹਰ ਰੋਜ ਹੋ ਰਹੇ ਘਿਨੌਣੇ ਕਤਲਾਂ ਤੇ ਹੌਲਨਾਕ ਅਪਰਾਧਾਂ, ਹਕੂਮਤੀ ਥਾਪੜੇ ਨਾਲ ਬੇਰੋਕ-ਟੋਕ ਜਾਰੀ ਨਸ਼ਾ ਕਾਰੋਬਾਰ ਤੇ ਮਾਫੀਆ ਲੁੱਟ, ਹਰ ਪੱਧਰ 'ਤੇ ਫੈਲੇ ਭ੍ਰਿਸ਼ਟਾਚਾਰ, ਸੰਘਰਸ਼ੀ ਲੋਕਾਂ 'ਤੇ ਢਾਹੇ ਜਾ ਰਹੇ ਪੁਲਸ ਜਬਰ ਅਤੇ ਸੂਬੇ ਦੀਆਂ ਬੇਸ਼ਕੀਮਤੀ ਜਾਇਦਾਦਾਂ ਖੁਰਦ-ਬੁਰਦ ਕਰਨ ਦੇ ਸਰਕਾਰੀ ਯਤਨਾਂ ਦਾ ਗੰਭੀਰ ਨੋਟਿਸ ਲੈਂਦਿਆਂ ਹਰ ਮੁਹਾਜ 'ਤੇ ਪੂਰੀ ਤਰ੍ਹਾਂ ਨਾਕਾਮ ਸਿੱਧ ਹੋਈ ਸੂਬੇ ਦੀ 'ਆਪ' ਸਰਕਾਰ ਦੀ ਕਰੜੀ ਨਿਖੇਧੀ ਕੀਤੀ ਹੈ। ਸਕੱਤਰੇਤ ਦੀ ਠੋਸ ਰਾਇ ਹੈ ਕਿ 'ਆਮ ਆਦਮੀ ਪਾਰਟੀ' ਦਾ ਥਿੰਕ ਟੈਂਕ ਅਤੇ ਪੰਜਾਬ ਸਰਕਾਰ ਨਾ ਕੇਵਲ ਮੋਦੀ ਸਰਕਾਰ ਦੀਆਂ ਨੀਤੀਆਂ 'ਤੇ ਹੂਬਹੂ ਅਮਲ ਕਰ ਰਹੇ ਹਨ, ਬਲਕਿ ਸੰਘ-ਭਾਜਪਾ ਦੀ ਜ਼ਹਿਰੀਲੀ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਤੇ ਭਾਜਪਾ ਚੁਣਾਵੀ ਜਿੱਤਾਂ ਸੁਨਿਸ਼ਚਤ ਕਰਨ 'ਚ ਵੀ ਗਲਤਾਨ ਹਨ।ਮੋਦੀ-ਮਾਨ ਸਰਕਾਰਾਂ ਦੀ ਉਕਤ ਨੀਤੀ-ਪਹੁੰਚ ਖਿਲਾਫ਼ ਭਵਿੱਖ 'ਚ ਵਿਸ਼ਾਲ ਸੰਘਰਸ਼ ਵਿੱਢਣ ਲਈ ਸਰਬੰਸਦਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਸਮੇਤ ਕਿਰਤੀ ਲੋਕਾਈ ਦੀ ਸਾਂਝ ਕਾਇਮ ਕਰਨ ਤੇ ਮਨੁੱਖੀ ਸਵੈਮਾਨ ਤੇ ਸੁਤੰਤਰਤਾ ਦੀ ਰਾਖੀ ਲਈ ਜਾਨਾਂ ਕੁਰਬਾਨ ਕਰਨ ਵਾਲੇ ਇਸ ਖਿੱਤੇ ਦੇ ਸਮੁੱਚੇ ਬੇਜੋੜ ਸ਼ਹੀਦਾਂ ਦੀ ਯਾਦ 'ਚ 22 ਦਸੰਬਰ, 2025 ਨੂੰ ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ ਪ੍ਰਭਾਵਸ਼ਾਲੀ ਸੂਬਾਈ ਸੈਮੀਨਾਰ ਕਰਨ ਦਾ ਫੈਸਲਾ ਲਿਆ ਗਿਆ ਹੈ। ਪੰਜਾਬ ਦੇ ਚਿਰਾਂ ਤੋਂ ਲਟਕਦੇ ਆ ਰਹੇ ਮਸਲਿਆਂ ਜਿਵੇਂ ਚੰਡੀਗੜ੍ਹ ਪੰਜਾਬ ਨੂੰ ਸੌਂਪਣ, ਦਰਿਆਈ ਪਾਣੀਆਂ ਦੀ ਨਿਆਈਂ ਵੰਡ ਕਰਨ, ਪੰਜਾਬ ਤੇ ਗੁਆਂਢੀ ਸੂਬਿਆਂ 'ਚ ਪੰਜਾਬੀ ਭਾਸ਼ਾ ਨੂੰ ਬਣਦਾ ਸਨਮਾਨ ਦੇਣ, ਪੰਜਾਬੀ ਬੋਲਦੇ ਇਲਾਕੇ ਪੰਜਾਬ 'ਚ ਸ਼ਾਮਲ ਕਰਨ ਆਦਿ ਤੇ ਪੰਜਾਬ 'ਵਰਸਿਟੀ ਚੰਡੀਗੜ੍ਹ ਨੂੰ ਕੇਂਦਰੀ ਸਰਕਾਰ ਅਧੀਨ ਲਿਆਉਣ ਲਈ ਚੱਲੀਆਂ ਖਤਰਨਾਕ ਚਾਲਾਂ ਵਿਰੁੱਧ ਸਮੂਹ ਪੰਜਾਬੀਆਂ ਦਾ ਸਰਬ ਸਾਂਝਾ ਘੋਲ ਵਿੱਢਣ ਲਈ ਨਵੇਂ ਸਾਲ ਦੇ ਪਹਿਲੇ ਮਹੀਨੇ , ਅੰਮ੍ਰਿਤਸਰ, ਮੁਹਾਲੀ, ਸੰਗਰੂਰ, ਜਲੰਧਰ, ਬਠਿੰਡਾ ਆਦਿ ਥਾਂਵਾਂ 'ਤੇ ਖੇਤਰੀ ਲੋਕ ਇਕੱਠ ਕੀਤੇ ਜਾਣਗੇ। ਇਕੱਠਾਂ ਦੌਰਾਨ ਸੰਘ-ਭਾਜਪਾ ਤੇ ਮੋਦੀ ਸਰਕਾਰ ਦੀਆਂ ਪੰਜਾਬ ਵਿਰੋਧੀ ਸਾਜ਼ਿਸ਼ਾਂ ਅਤੇ ਸੂਬਿਆਂ ਦੇ ਅਧਿਕਾਰ ਪੂਰੀ ਤਰ੍ਹਾਂ ਖੋਹ ਲੈਣ ਦੇ ਹੱਲਿਆਂ ਵਿਰੁੱਧ ਵੀ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਜਾਵੇਗੀ।ਆਰੰਭ ਵਿਚ ਸਦੀਵੀਂ ਵਿਛੋੜਾ ਦੇ ਗਏ ਕਾਮਰੇਡ ਡਾਕਟਰ ਬਲਵਿੰਦਰ ਸਿੰਘ ਛੇਹਰਟਾ ਤੇ ਕਰਨੈਲ ਸਿੰਘ ਨੰਬਰਦਾਰ ਗੁਰਦਾਸਪੁਰ ਨੂੰ ਦੋ ਮਿੰਟ ਮੌਨ ਖੜੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

# ਪਿੰਡ ਮੁਕੰਦਪੁਰ ਸਵੈ -ਇੱਛਕ ਖ਼ੂਨਦਾਨ ਕੈਂਪ ਲਗਾਇਆ ਗਿਆ

**ਬੰਗਾ (ਚਰਨਜੀਤ ਸੱਲ੍ਹਾਂ )** ਗੀਤਕਾਰ ਅਤੇ ਗਾਇਕ ਹਰਮੇਸ਼ ਸੰਧੂ ਨੇ ਆਪਣੇ ਜਨਮ ਦਿਨ ਤੇ 28 ਵੀ ਵਾਰ ਖੂਨ ਦਾਨ ਕੀਤਾ ਇਨ੍ਹਾਂ ਦੀ ਬਹਾਦਰੀ ਹੈ ਕਿ ਜਿਨ੍ਹਾਂ ਨੇ ਲੋਕਾਂ ਦੇ ਭਲੇ ਵਾਸਤੇ 28 ਵੀ ਵਾਰ ਖ਼ੂਨ ਦਾਨ ਕੀਤਾ ਹੈ ਇਹ ਮਹਾਂ ਦਾਨ ਹੈ ਇਸ ਲਈ ਇਨ੍ਹਾਂ ਦਾ ਬਹੁਤ



ਬਹੁਤ ਧੰਨਵਾਦ ਹੈ ਇਹ ਸਵੈ -ਇੱਛਕ ਖ਼ੂਨਦਾਨ ਕੈਂਪ ਅੱਜ 23-11-2025ਦਿਨ ਐਤਵਾਰ ਨੂੰ ਮੁਕੰਦਪੁਰ ਵਿਖੇ ਲਗਾਇਆ ਗਿਆ ਸੀ ਇਹ ਕੈਂਪ ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਵੇ ਸ਼ਹੀਦੀ ਪੁਰਬ ਅਤੇ ਉਨ੍ਹਾਂ ਦੇ ਸੇਵਕਾਂ ਭਾਈ ਮਤੀ ਦਾਸ ਜੀ,ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਨੂੰ ਸਮਰਪਿਤ ਹੈ। ਇਹ ਕੈਂਪ ਗੁਰਦੁਆਰਾ ਸ੍ਰੀ ਕਲਗੀਧਰ ਬਰਫ਼ ਵਾਲਾਂ ਕਾਰਖ਼ਾਨਾ ਮੁਕੰਦਪੁਰ ਵਿਖੇ ਲਗਾਇਆ ਗਿਆ ਸੀ।

# ਵਿਧਾਇਕ ਜਿੰਪਾ ਦੇ ਯਤਨਾਂ ਸਦਕਾ ਊਸ਼ਾ ਮਾਰਟਿਨ ਮਿਸ਼ਨ ਚੜ੍ਹਦੀ ਕਲਾ ਲਈ 5 ਲੱਖ ਦਾ ਯੋਗਦਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਸਮਾਜਿਕ ਕੰਮਾਂ ਨੂੰ ਮਜ਼ਬੂਤ ਕਰਨ ਵਾਲੇ "ਮਿਸ਼ਨ ਚੜ੍ਹਦੀ ਕਲਾ" ਲਈ ਅੱਜ ਮਹੱਤਵਪੂਰਨ ਯੋਗਦਾਨ ਪ੍ਰਾਪਤ ਹੋਇਆ ਹੈ। ਵਿਧਾਇਕ ਜਿੰਪਾ ਦੇ ਯਤਨਾਂ ਸਦਕਾ, ਜਤਿੰਦਰ ਵਾਲੀਆ, ਐਸ.ਕੇ. ਚੱਢਾ ਅਤੇ ਗਿਰੀਸ਼ ਵਾਲੀਆ (ਊਸ਼ਾ ਮਾਰਟਿਨ ਕੰਪਨੀ) ਵੱਲੋਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੂੰ 5 ਲੱਖ ਦਾ ਚੈੱਕ ਭੇਟ ਕੀਤਾ ਗਿਆ। ਇਹ ਰਕਮ ਮਿਸ਼ਨ ਚੜ੍ਹਦੀ ਕਲਾ ਤਹਿਤ ਲੋਕ ਭਲਾਈ ਕਾਰਜਾਂ ਦੀ ਪ੍ਰਭਾਵਸ਼ਾਲੀ ਨੂੰ ਅੱਗੇ ਵਧਾਉਣ ਵਿੱਚ ਮਦਦ ਕਰੇਗੀ। ਵਿਧਾਇਕ ਜਿੰਪਾ ਨੇ ਇਸ ਯੋਗਦਾਨ ਨੂੰ ਸਮਾਜ ਪ੍ਰਤੀ ਸਮਰਪਣ ਅਤੇ ਜ਼ਿੰਮੇਵਾਰੀ ਦੀ ਇੱਕ ਉੱਤਮ



ਉਦਾਹਰਣ ਦੱਸਿਆ। ਉਨ੍ਹਾਂ ਕਿਹਾ ਕਿ ਨਿੱਜੀ ਖੇਤਰ ਅਤੇ ਸਮਾਜਿਕ ਸੰਗਠਨਾਂ ਦੀ ਅਜਿਹੀ ਭਾਗੀਦਾਰੀ ਜ਼ਿਲ੍ਹੇ ਦੇ ਵਿਕਾਸ ਨੂੰ ਨਵੀਂ ਪ੍ਰੇਰਣਾ ਪ੍ਰਦਾਨ ਕਰਦੀ ਹੈ। ਉਨ੍ਹਾਂ ਊਸ਼ਾ ਮਾਰਟਿਨ ਕੰਪਨੀ ਦੇ ਪ੍ਰਤੀਨਿਧੀਆਂ ਜਤਿੰਦਰ ਵਾਲੀਆ, ਐਸ.ਕੇ. ਚੱਢਾ ਅਤੇ ਗਿਰੀਸ਼ ਵਾਲੀਆ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਦਾ ਸਮਰਥਨ ਲੋੜਵੰਦਾਂ ਨੂੰ ਸਹਾਇਤਾ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਵਿਧਾਇਕ ਜਿੰਪਾ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਜਨ ਪ੍ਰਤੀਨਿਧੀਆਂ ਦੇ ਸਾਂਝੇ ਯਤਨਾਂ ਨਾਲ "ਮਿਸ਼ਨ ਚੜ੍ਹਦੀ ਕਲਾ" ਲਗਾਤਾਰ ਬਿਹਤਰ ਨਤੀਜੇ ਦੇ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਸਮਾਜਿਕ ਸੰਗਠਨਾਂ ਦੇ ਸਹਿਯੋਗ ਨਾਲ ਇਸ ਮਿਸ਼ਨ ਨੂੰ ਹੋਰ ਵਧਾਇਆ ਜਾਵੇਗਾ। ਇਸ ਉੱਤਮ ਉਪਰਾਲੇ ਲਈ ਸਾਰੇ ਸਹਿਯੋਗੀਆਂ ਅਤੇ ਪ੍ਰਸ਼ਾਸਨਿਕ ਟੀਮ ਨੂੰ ਦਿਲੋਂ ਵਧਾਈ ਦਿੰਦੇ ਹੋਏ ਵਿਧਾਇਕ ਨੇ ਕਿਹਾ ਕਿ ਅਜਿਹੇ ਯਤਨ ਸਮਾਜ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਲਈ ਪ੍ਰੇਰਨਾਦਾਇਕ ਹਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਰਬੀਰ ਕੌਰ ਭੁੱਲਰ, ਸਹਾਇਕ ਕਮਿਸ਼ਨਰ ਪਰਮਪ੍ਰੀਤ ਸਿੰਘ, ਕੁਲਵਿੰਦਰ ਸਿੰਘ ਹੁੰਦਲ ਅਤੇ ਸੰਜੇ ਸ਼ਰਮਾ ਵੀ ਮੌਜੂਦ ਸਨ।

# ਵਿਧਾਇਕ ਜਿੰਪਾ ਨੇ 44 ਪਿੰਡਾਂ ਵਿੱਚ ਵਿਕਾਸ ਕਾਰਜਾਂ ਲਈ 8.30 ਕਰੋੜ ਰੁਪਏ ਦੇ ਮਨਜ਼ੂਰੀ ਪੱਤਰ ਵੰਡੇ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਇੱਕ ਮਹੱਤਵਪੂਰਨ ਮੀਟਿੰਗ ਦੌਰਾਨ ਲਗਭਗ 44 ਪਿੰਡਾਂ ਵਿੱਚ ਵਿਕਾਸ ਕਾਰਜਾਂ ਲਈ 8.30 ਕਰੋੜ ਰੁਪਏ ਦੇ ਮਨਜ਼ੂਰੀ ਪੱਤਰ ਵੰਡ ਕੇ ਖੇਤਰ ਦੇ ਸਮੁੱਚੇ ਵਿਕਾਸ ਨੂੰ ਇੱਕ ਨਵੀਂ ਗਤੀ ਦਿੱਤੀ। ਮੀਟਿੰਗ ਵਿੱਚ ਬਲਾਕ 1 ਅਤੇ ਬਲਾਕ 2 ਦੇ ਬਲਾਕ ਵਿਕਾਸ ਅਧਿਕਾਰੀਆਂ (ਬੀ.ਡੀ.ਓ.) ਦੇ ਨਾਲ-ਨਾਲ ਸਬੰਧਤ ਵਿਭਾਗਾਂ ਦੇ ਸਮੁੱਚੇ ਸਟਾਫ ਨੇ ਸ਼ਿਰਕਤ ਕੀਤੀ। ਇਸ ਦੇ ਨਾਲ ਹੀ ਵੱਡੀ ਗਿਣਤੀ ਵਿੱਚ ਸਰਪੰਚ ਅਤੇ ਪੰਚ ਵੀ ਮੌਜੂਦ ਸਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਵਿਧਾਇਕ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮਨਜ਼ੂਰ ਵਿਕਾਸ ਕਾਰਜਾਂ ਵਿੱਚ ਸੜਕਾਂ, ਗਲੀਆਂ, ਡਰੇਨੇਜ ਸਿਸਟਮ, ਕਮਿਊਨਿਟੀ ਇਮਾਰਤਾਂ ਅਤੇ ਪੀਣ ਵਾਲੇ ਪਾਣੀ ਨਾਲ ਸਬੰਧਤ ਵੱਖ-ਵੱਖ ਪ੍ਰੋਜੈਕਟ ਸ਼ਾਮਲ ਹਨ, ਜੋ ਪੇਂਡੂ ਆਬਾਦੀ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਵਿੱਚ



ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਵਿਧਾਇਕ ਨੇ ਇਹ ਵੀ ਐਲਾਨ ਕੀਤਾ ਕਿ ਇਲਾਕੇ ਦੇ ਲਗਭਗ 30 ਪਿੰਡਾਂ ਵਿੱਚ ਆਧੁਨਿਕ ਖੇਡ ਪਾਰਕ ਵਿਕਸਤ ਕੀਤੇ ਜਾਣਗੇ, ਜਿਸ ਵਿੱਚ ਨੌਜਵਾਨਾਂ ਲਈ ਓਪਨ ਜਿੰਮ, ਵਾਲੀਬਾਲ ਅਤੇ ਕਬੱਡੀ ਦੇ ਮੈਦਾਨ, ਦੌੜਨ ਵਾਲੇ ਟਰੈਕ ਅਤੇ ਹੋਰ ਖੇਡ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਖੇਡਾਂ ਨੌਜਵਾਨ ਪੀੜ੍ਹੀ ਵਿੱਚ ਅਨੁਸ਼ਾਸਨ ਅਤੇ ਸਿਹਤ ਦੋਵਾਂ ਦਾ ਵਿਕਾਸ ਕਰਦੀਆਂ ਹਨ ਅਤੇ ਇਸ ਲਈ ਸਰਕਾਰ ਪੇਂਡੂ ਖੇਤਰਾਂ ਵਿੱਚ ਖੇਡ ਸਹੂਲਤਾਂ ਨੂੰ ਉਤਸ਼ਾਹਿਤ ਕਰਨ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ। ਜਿੰਪਾ ਨੇ ਹਾਜ਼ਰ ਸਰਪੰਚਾਂ ਨੂੰ ਅਪੀਲ ਕੀਤੀ ਕਿ ਉਹ ਵਿਕਾਸ ਕਾਰਜਾਂ ਨੂੰ ਪਾਰਦਰਸ਼ਤਾ ਅਤੇ ਗੁਣਵੱਤਾ ਨਾਲ ਪੂਰਾ ਕਰਨ, ਤਾਂ ਜੋ ਮਨਜ਼ੂਰ ਫੰਡਾਂ ਦਾ ਵੱਧ ਤੋਂ ਵੱਧ ਲਾਭ ਆਮ ਪਿੰਡ ਵਾਸੀਆਂ ਤੱਕ ਪਹੁੰਚੇ। ਉਨ੍ਹਾਂ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਇਲਾਕੇ ਦੇ ਵਿਕਾਸ ਲਈ ਹਰ ਸੰਭਵ ਸਹਾਇਤਾ ਜਾਰੀ ਰਹੇਗੀ।

# ਬੰਗਾਲ ਵਿਖੇ ਰੋਮੀ ਘੜਾਮਾਂ ਨੇ ਜਿੱਤੇ 01 ਸੋਨੇ ਤੇ 02 ਚਾਂਦੀ ਦੇ ਤਮਗੇ

**ਦੁਰਗਾਪੁਰ (ਪੱਛਮੀ ਬੰਗਾਲ),** 23 ਨਵੰਬਰ (ਪੱਤਰ ਪ੍ਰੇਰਕ) ਸ਼ਹੀਦ ਭਗਤ ਸਿੰਘ ਸਟੇਡੀਅਮ, ਦੁਰਗਾਪੁਰ (ਪੱਛਮੀ ਬੰਗਾਲ) ਵਿਖੇ ਮਾਸਟਰ ਗੇਮਜ਼ ਐਸ਼ੋਸੀਏਸ਼ਨ ਵੱਲੋਂ ਕਲਚਰ ਐਂਡ ਸਪੋਰਟਸ ਅਕੈਡਮੀ, ਦੁਰਗਾਪੁਰ ਦੇ ਸਹਿਯੋਗ ਨਾਲ 07ਵੀਆਂ ਇੰਟਰਨੈਸ਼ਨਲ ਅਥਲੈਟਿਕਸ ਖੇਡਾਂ ਸਫ਼ਲਤਾਪੂਰਵਕ ਕਰਵਾਈਆਂ ਗਈਆਂ। ਜਿੱਥੇ ਗੁਰਬਿੰਦਰ ਸਿੰਘ (ਰੋਮੀ ਘੜਾਮਾਂ) ਨੇ ਭਾਰਤ ਵੱਲੋਂ 40+ ਉਮਰ ਵਰਗ ਲਈ 800 ਮੀਟਰ ਦੌੜ ਵਿੱਚ ਪਹਿਲਾ ਅਤੇ 1500



ਮੀਟਰ ਤੇ 03 ਕਿਲੋਮੀਟਰ ਵਾਅਕ ਰੇਸ ਵਿੱਚ ਦੂਸਰੇ ਸਥਾਨ ਹਾਸਲ ਕੀਤੇ। ਜਿਸਦੇ ਚਲਦਿਆਂ ਉਨ੍ਹਾਂ 01 ਸੋਨੇ ਅਤੇ 02 ਚਾਂਦੀ ਦੇ ਤਮਗਿਆਂ ਸਮੇਤ ਕੁੱਲ ਤਿੰਨ ਤਮਗੇ ਆਪਣੇ ਨਾਮ ਕਰਵਾਏ। ਜਿਕਰਯੋਗ ਹੈ ਕਿ ਰੋਮੀ ਪਹਿਲਾਂ ਵੀ ਸੂਬਾਈ, ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਦਰਜਣਾਂ ਹੀ ਮੈਡਲ ਜਿੱਤ ਚੁੱਕਿਆ ਹੈ।

# ਕੋਟ ਗਰੇਵਾਲ ਵਿਖੇ ਅੱਖਾਂ ਦਾ 11ਵਾਂ ਮੁਫ਼ਤ ਆਪ੍ਰੇਸ਼ਨ ਤੇ ਚੈੱਕਅਪ ਕੈਂਪ ਲਗਾਇਆ

**ਫਿਲੌਰ/ਅੱਪਰਾ, (ਦੀਪਾ)-** ਕਰੀਬੀ ਪਿੰਡ ਕੋਟ ਗਰੇਵਾਲ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 11ਵਾਂ ਅੱਖਾਂ ਦਾ ਚੈੱਕਅੱਪ, ਆਪ੍ਰੇਸ਼ਨ ਕੈਂਪ ਤੇ ਦਿਲ ਦੀਆਂ ਬਿਮਾਰੀਆਂ ਦਾ ਮੁਫ਼ਤ ਚੈੱਕਅਪ ਕੈਂਪ ਐੱਨ. ਆਰ. ਆਈ. ਵੀਰਾਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ. ਦੇਵਅਸ਼ੀਸ਼ ਸੇਠ ਨੇ ਦੱਸਿਆ ਕਿ ਐੱਨ. ਆਰ. ਆਈ. ਵੀਰਾਂ ਦੇ ਸਹਿਯੋਗ ਨਾਲ ਡਾ. ਸੇਠ ਅੱਖਾਂ ਦਾ ਹਸਪਤਾਲ ਮੁਕੰਦਪੁਰ ਰੋਡ ਬੰਗਾ ਵਾਲਿਆਂ ਵੱਲੋਂ ਕੈਂਪ ਦੌਰਾਨ ਆਏ ਹੋਏ 263 ਮਰੀਜ਼ਾਂ ਦਾ ਚੈੱਕ ਅੱਪ ਕੀਤਾ ਗਿਆ। ਉਨ੍ਹਾਂ ਅੱਗੇ ਕਿਹਾ ਕਿ ਚਿੱਟੇ ਮੋਤੀਏ,



ਕਾਲੇ ਮੋਤੀਏ ਦੇ ਲੋੜਵੰਦ ਮਰੀਜਾਂ ਦੀਆਂ ਅੱਖਾਂ ਦੇ 36 ਮਰੀਜਾਂ ਦੇ ਮੁਫ਼ਤ ਕੀਤੇ ਜਾਣਗੇ। ਇਸ ਕੈਂਪ ਦੌਰਾਨ ਮਰੀਜਾਂ ਨੂੰ ਐਨਕਾਂ ਤੇ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ ਅਤੇ ਆਪ੍ਰੇਸ਼ਨ ਲਈ ਮਰੀਜ਼ਾਂ ਨੂੰ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ। ਇਸ ਕੈਂਪ 'ਚ ਮਸ਼ਹੂਰ ਸੇਠ ਹਸਪਤਾਲ ਦੇ ਡਾਕਟਰਾਂ ਦੀ ਟੀਮ 'ਚ ਡਾ.ਦੇਵਅਸ਼ੀਸ਼ ਸੇਠ, ਡਾ. ਜੇ.ਐਲ ਸੇਠ, ਜੈਸਮੀਨ ਕੌਰ, ਪ੍ਰਿਯੰਕਾ, ਹਰਵਿੰਦਰ, ਅਮਨਪ੍ਰੀਤ, ਅਜੀਤ ਰਾਮ, ਅੰਜੂ, ਦਲਜੀਤ, ਰੁਪਿੰਦਰ, ਹਰਬਲਾਸ ਨੇ ਸਟਾਫ਼ ਵੱਲੋਂ ਆਪੋ-ਆਪਣੀਆਂ ਸੇਵਾਵਾਂ ਨਿਭਾਇਆਂ। ਇਸ ਕੈਂਪ ਦੌਰਾਨ ਪ੍ਰਬੰਧਕਾਂ ਵੱਲੋਂ ਚਾਹ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਇਸ ਮੌਕੇ ਜਗਤਾਰ ਸਿੰਘ ਯੂ. ਕੇ ਅਤੇ ਸਮੂਹ ਪਿੰਡ ਵਾਸੀਆਂ ਆਦਿ ਹਾਜ਼ਰ ਸਨ।

# ਸੱਤਵੀਂ ਵਿਦਿਆਰਥੀ ਚੇਤਨਾ ਪ੍ਰੀਖਿਆ ਦਾ ਸੂਬਾਈ ਸਨਮਾਨ ਸਮਾਗਮ ਹੋਇਆ

**●ਸੰਗਰੂਰ ਬਚਪਨ ਇੰਗਲਿਸ਼ ਸਕੂਲ ਦੀ ਸੱਤਵੀਂ ਜਮਾਤ ਦੀ ਵਿਦਿਆਰਥਣ ਵਾਨੀ ਤੇ ●ਚੰਗੀ ਕਾਰਗੁਜ਼ਾਰੀ ਲਈ ਇਕਾਈ ਸੰਗਰੂਰ ਨੂੰ ਵੀ ਸਨਮਾਨਿਤ ਕੀਤਾ ਗਿਆ**







**ਸੰਗਰੂਰ।** ਬੀਤੇ ਦਿਨ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਗ਼ਦਰ ਲਹਿਰ ਦੀ ਮਹਾਨ ਨਾਇਕਾ ਬੀਬੀ ਗੁਲਾਬ ਕੌਰ ਨੂੰ ਸਮਰਪਿਤ ਸੱਤਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਸੂਬਾਈ ਪੱਧਰ ਤੇ ਅਹਿਮ ਸਥਾਨ ਹਾਸਿਲ ਕਰਨ ਵਾਲੇ 30 ਵਿਦਿਆਰਥੀਆਂ ਦਾ ਸਨਮਾਨ ਕਰਨ ਲਈ ਇਕ ਵਿਸ਼ੇਸ਼ ਸੂਬਾਈ ਸਨਮਾਨ ਸਮਾਗਮ ਤਰਕਸ਼ੀਲ ਭਵਨ, ਬਰਨਾਲਾ ਵਿਖੇ ਕਰਵਾਇਆ ਗਿਆ। ਇਸ ਵਿੱਚ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਵੱਡੀ ਗਿਣਤੀ ਵਿੱਚ ਤਰਕਸ਼ੀਲ ਇਕਾਈਆਂ ਦੇ ਕਾਰਕੁਨਾਂ, ਵਿਦਿਆਰਥੀਆਂ ਅਤੇ ਸਕੂਲ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ। ਇਸ ਸਮਾਗਮ ਦੇ ਮੁੱਖ ਬੁਲਾਰੇ ਅਤੇ ਨਾਮਵਰ ਸਾਹਿਤਕਾਰ ਗੁਰਮੀਤ ਕੜਿਆਲਵੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਵਿਗਿਆਨਕ ਚੇਤਨਾ ਅੱਜ ਤੱਕ ਦੇ ਮਨੁੱਖੀ ਵਿਕਾਸ ਦਾ ਮੁੱਖ ਆਧਾਰ ਹੈ ਪਰ ਆਜ਼ਾਦੀ ਤੋਂ ਬਾਅਦ ਸੱਤਾਧਾਰੀ ਜਮਾਤਾਂ ਨੇ ਸਿੱਖਿਆ ਨੀਤੀ ਵਿੱਚ ਵਿਗਿਆਨਕ ਚੇਤਨਾ ਵਿਕਸਤ ਕਰਨ ਦੀ ਥਾਂ ਰੂੜ੍ਹੀਵਾਦੀ ਪਾਠਕ੍ਰਮ ਸ਼ਾਮਿਲ ਕਰਕੇ ਵਿਦਿਆਰਥੀਆਂ ਨੂੰ ਵਿਗਿਆਨਕ ਨਜ਼ਰੀਆ ਅਪਨਾਉਣ ਤੋਂ ਵਾਂਝਿਆਂ ਕੀਤਾ ਹੈ ਜਦਕਿ ਤਰਕਸ਼ੀਲ ਸੁਸਾਇਟੀ ਪੰਜਾਬ ਪਿਛਲੇ ਚਾਰ ਦਹਾਕਿਆਂ ਤੋਂ ਵਿਗਿਆਨਕ ਦ੍ਰਿਸ਼ਟੀਕੋਣ ਵਿਕਸਤ ਕਰਨ ਲਈ ਲਗਾਤਾਰ ਉਪਰਾਲੇ ਕਰਦੀ ਆ ਰਹੀ ਹੈ ਅਤੇ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਨੇ ਇਸ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਸ ਮੌਕੇ ਸੂਬਾਈ ਪੱਧਰ ਤੇ ਛੇਵੀਂ ਤੋਂ ਬਾਰ੍ਹਵੀਂ ਤੇ ਅਪਰ ਸੈਕੰਡਰੀ ਜਮਾਤ ਵਿਚ ਅਹਿਮ ਸਥਾਨ ਹਾਸਿਲ ਕਰਨ ਵਾਲੇ ਮਿਡਲ ਅਤੇ ਸੈਕੰਡਰੀ ਗਰੁੱਪ ਦੇ 30 ਵਿਦਿਆਰਥੀਆਂ ਨੂੰ ਨਕਦ ਇਨਾਮ, ਤਰਕਸ਼ੀਲ ਕਿਤਾਬਾਂ,ਯਾਦਗਾਰੀ ਚਿੰਨ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਇਕਾਈ ਸੰਗਰੂਰ ਦੀ ਬਚਪਨ ਇੰਗਲਿਸ਼ ਸਕੂਲ ਦੀ ਸੱਤਵੀਂ ਜਮਾਤ ਦੀ ਵਿਦਿਆਰਥਣ ਵਾਨੀ ਨੂੰ ਮੋਹਰੀ ਰਹੇ ਵਿਦਿਆਰਥੀਆਂ ਵਿੱਚ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਪ੍ਰਧਾਨ ਬਲਦੇਵ ਰਹਿਪਾ ਅਤੇ ਤਰਕਸ਼ੀਲ ਸੁਸਾਇਟੀ ਇੰਗਲੈਂਡ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਮੱਖਣ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਉੱਤਮ ਕਾਰਗੁਜਾਰੀ ਵਿਖਾਉਣ ਵਾਲੀਆਂ ਬਹੁਤ ਸਾਰੀਆਂ ਇਕਾਈਆਂ ਨੂੰ ਵੀ ਸਨਮਾਨਿਤ ਕੀਤਾ ਗਿਆ, ਜਿਸ ਵਿੱਚ ਇਕਾਈ ਸੰਗਰੂਰ ਨੂੰ ਵੀ ਸਨਮਾਨਿਤ ਕੀਤਾ ਗਿਆ।ਇਕਾਈ ਸੰਗਰੂਰ ਦੇ ਆਗੂਆਂ ਸੁਰਿੰਦਰ ਪਾਲ, ਸੀਤਾ ਰਾਮ ਬਾਲਦ ਕਲਾਂ, ਗੁਰਦੀਪ ਸਿੰਘ ਲਹਿਰਾ ਤੇ ਗੁਰਜੰਟ ਸਿੰਘ ਨੇ ਸੂਬਾ ਕਮੇਟੀ ਵੱਲੋਂ ਸਨਮਾਨ ਪੱਤਰ ਪ੍ਰਾਪਤ ਕੀਤਾ।ਇਸ ਮੌਕੇ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਪਿਛਲੇ ਸੱਤ ਸਾਲਾਂ ਤੋਂ ਕਰਵਾਈ ਜਾ ਰਹੀ ਵਿੱਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਉਣ ਦੇ ਮਕਸਦ ਬਾਰੇ ਦੱਸਿਆ। ਗੁਰਪ੍ਰੀਤ ਸ਼ਹਿਣਾ ਨੇ ਬਾਖੂਬੀ ਸਟੇਜ ਸੰਚਾਲਨ ਕੀਤਾ।

**ਮਾਸਟਰ ਪਰਮਵੇਦ**
**ਤਰਕਸ਼ੀਲ ਆਗੂ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**



# ਚੁਬਾਰੇ ਹੁੰਦੇ ਸੀ ਸਾਡੇ ਪੰਜਾਬ ਦੇ ਪਿੰਡਾਂ ਦੀ ਸ਼ਾਨ

ਕਦੇ ਸਾਡੇ ਪੰਜਾਬ ਵਿੱਚ ਚੁਬਾਰੇ ਪਿੰਡ ਦੀ ਸ਼ਾਨ ਹੁੰਦੇ ਸਨ। ਲੋਕ ਘਰਾਂ ਦੀ ਗਹਿਮਾ-ਗਹਿਮੀ ਤੋਂ ਦੂਰ ਹੋਣ ਲਈ ਇਕਾਂਤ ਮਾਨਣ ਲਈ ਅਤੇ ਆਪਣੀ ਗੋਰੀ ਨਾਲ ਭਰਪੂਰ ਮੁਹੱਬਤ ਕਰਨ ਲਈ ਚੁਬਾਰਿਆਂ ਦੀ ਲੋੜ ਮਹਿਸੂਸ ਕਰਦੇ ਸਨ। ਹਰ ਕੋਈ ਚੁਬਾਰਾ ਨਹੀਂ ਪਾ ਸਕਦਾ ਸੀ। ਪਹਿਲਾਂ ਪਿੰਡਾਂ ਵਿੱਚ ਕੇਵਲ ਸ਼ਾਹਾਂ ਦੇ ਘਰਾਂ ਜਾਂ ਅਮੀਰ ਜਿਮੀਦਾਰਾਂ ਦੇ ਘਰਾਂ ਉੱਪਰ ਹੀ ਚੁਬਾਰੇ ਹੁੰਦੇ ਸਨ ।ਕਈ ਲੋਕ ਆਪਸ ਵਿੱਚ ਮੁਕਾਬਲਾ ਕਰਨ ਲੱਗ ਪੈਂਦੇ ਤਾਂ, ਉਹਨਾਂ ਦੇ ਘਰਾਂ ਉੱਪਰ ਚੁਬਾਰੇ -ਦਰ -ਚੁਬਾਰੇ ਬਣ ਜਾਂਦੇ।ਪਰ ਉਨਾਂ ਚੁਬਾਰਿਆਂ ਦੀ ਜ਼ਿੰਦਗੀ ਆਮ ਘਰਾਂ ਦੀ ਜ਼ਿੰਦਗੀ ਨਾਲੋਂ ਬਿਲਕੁਲ ਵੱਖਰੀ ਹੁੰਦੀ ਸੀ ।ਉਹਨਾਂ ਵਿੱਚ ਚੋਬਰਾਂ ਦੀਆਂ ਮਹਿਫਲਾਂ ਲੱਗਦੀਆਂ ਤੇ ਦਾਰੂ ਦੇ ਦੌਰ ਚਲਦੇ ਸਨ। ਪੁਰਾਣੇ ਵੇਲਿਆਂ ਵਿੱਚ ਚੁਬਾਰੇ ਦੀ ਵੀ ਇਸ ਲਈ ਲੋੜ ਪੈਂਦੀ ਸੀ ਕਿਉਂਕਿ ਘਰਾਂ ਦੇ ਅੰਦਰ ਹੁੰਮਸ ਹੁੰਦਾ ਸੀ ਤੇ ਲੋਕ ਉਸ ਹੁੰਮਸ ਤੋਂ ਬਚਣ ਲਈ ਚੁਬਾਰਿਆਂ ਦੀ ਉਸਾਰੀ ਕਰਦੇ ਹਨ ।ਇਹ ਉਹਨਾਂ ਵੇਲਾਂ ਦੀ ਗੱਲ ਹੈ, ਜਦੋਂ ਘਰਾਂ ਵਿੱਚ ਬਿਜਲੀ ਇੱਕ ਸੁਫ਼ਨਾ ਹੀ ਸੀ ਤੇ ਲੋਕਾਂ ਲਈ ਗਰਮੀ ਕੱਟਣੀ ਬੜੀ ਔਖੀ ਸੀ । ਦਿਨ ਤਾਂ ਉਹ ਕਿਸੇ ਨਾ ਕਿਸੇ ਤਰ੍ਹਾਂ ਗੁਜ਼ਾਰ ਹੀ ਲੈਂਦੇ ਸਨ ।ਪਰ ਜਦੋਂ ਬਰਸਾਤਾਂ ਪੈਣ ਲੱਗਦੀਆਂ ਤਾਂ ,ਘਰਾਂ ਦੇ ਅੰਦਰ ਰਾਤਾਂ ਗੁਜਾਰਨੀਆਂ ਔਖੀਆਂ ਹੋ ਜਾਂਦੀਆਂ ਸਨ। ਇਸ ਲਈ ਲੋਕ ਚੁਬਾਰਿਆਂ ਦੀਆਂ ਖਿੜਕੀਆਂ ਅਤੇ ਦਰਵਾਜ਼ੇ ਖੋਲ ਕੇ ਸੌਂ ਜਾਂਦੇ ਸਨ ।ਜਿਸ ਨਾਲ ਰਾਤਾਂ ਸੌਖੀ ਤਰ੍ਹਾਂ ਬੀਤ ਜਾਂਦੀਆਂ ਸਨ। ਬਸ ਚੁਬਾਰੇ ਵਾਲਿਆਂ ਦੀਆਂ ਇਹ ਸੌਖੀ ਤਰ੍ਹਾਂ ਬੀਤੀਆਂ ਹੋਈਆਂ ਰਾਤਾਂ ਹੀ ਸਾਹਿਤ ਵਿੱਚ ਵਿਅੰਗ ਬਣ ਗਈਆਂ ।ਪਰ ਪਤਾ ਨਹੀਂ ਇਸ ਵਿਅੰਗ ਦੀ ਤਿਰਸ਼ੂਲ ਚੁਬਾਰੇ ਵਾਲਿਆਂ ਨੂੰ ਵੀ ਚੁੱਭਦੇ ਸਨ, ਕਿ ਨਹੀਂ ਸਾਡੇ ਸਾਹਿਤਕਾਰ ਲੋਕ ਪਿੰਡਾਂ ਦੇ ਚੁਬਾਰਿਆਂ ਤੇ ਵਿਅੰਗ ਕਰਦੇ ਨੇ ।ਪਰ ਜਦੋਂ ਆਪ ਮੁੰਬਈ, ਦਿੱਲੀ, ਚੰਡੀਗੜ੍ਹ,ਲੁਧਿਆਣੇ ,ਜਲੰਧਰ ਵਰਗੇ ਮਹਾਨ ਨਗਰਾਂ ਵਿੱਚ ਜਾ ਕੇ ਵੱਸਦੇ ਹਨ ਤਾਂ ਉਹ ਉਪਰਲੀ ਮੰਜ਼ਿਲ ਮਤਲਬ ਚੁਬਾਰੇ ਵਿੱਚ ਰਹਿ ਕੇ ਹੀ ਖੁਸ਼ ਹੁੰਦੇ ਹਨ।

ਇਹ ਗੱਲ ਵੱਖਰੀ ਹੈ, ਕਿ ਇਹਨਾਂ ਸ਼ਹਿਰਾਂ ਵਿੱਚ ਇਸ ਤਰ੍ਹਾਂ ਦੇ ਚੁਬਾਰਿਆਂ ਨੂੰ ਮਾਲਕ ਲੋਕ ਬਰਸਾਤੀ ਕਹਿੰਦੇ ਨੇ ,ਉਹ ਬਰਸਾਤੀ ਹੋ ਕੇ ਵੀ ਸਾਰਾ ਸਾਲ ਕੰਮ ਆਉਂਦੀ ਹੈ ਤੇ ਵਧੇਰੇ ਕਰਕੇ ਸਾਹਿਤਕਾਰਾਂ ਦਾ ਰਹਿਣ ਬਸੇਰਾ ਬਣਦਾ ਹੈ। ਕੁਝ ਸਹਿਤਕਾਰ ਚੁਬਾਰਾ ਵਿੱਚ ਰਹਿੰਦੀਆਂ ਜ਼ਨਾਨੀਆਂ ਤੇ ਜਿਹੜੇ ਵਿਅੰਗ ਕਰਦੇ ਨੇ ਜਿਵੇਂ---

ਜੋ ਚੁਬਾਰਿਆਂ ਵਿੱਚ ਰਹਿਣ ਵਾਲੀਏ ,
ਤੇਰਾ ਰੂਪ ਨਾ ਸਦਾ ਲਈ ਰਹਿਣਾ ।

ਮੌਜੂਦਾ ਦੌਰ ਵਿੱਚ ਦੇਸ਼ ਖਾਸ ਕਰ ਪੰਜਾਬ ਵਿੱਚ ਜਿਹੜੀ ਨਵੀਂ ਕਿਸਮ ਦੀ ਉਸਾਰੀ ਹੋ ਰਹੀ ਹੈ। ਉਸ ਵਿੱਚ ਪੁਰਾਣੀ ਤਰਜ਼ ਦੇ ਚੁਬਾਰਿਆਂ ਵਾਲੀ ਕੋਈ ਥਾਂ ਨਹੀਂ ਰਹੀ। ਹੁਣ ਤਾਂ ਲੋਕ ਮਕਾਨਾਂ ਦੀਆਂ ਮੰਜ਼ਿਲਾਂ ਉੱਪਰ ਇਸ ਤਰ੍ਹਾਂ ਮੰਜ਼ਿਲਾਂ ਉਸਰਦੇ ਜਾ ਰਹੇ ਨੇ ਕਿ ਹਰੇਕ ਮੰਜ਼ਿਲ ਉੱਪਰ ਇਸ ਤਰ੍ਹਾਂ ਮੰਜ਼ਿਲ ਤੇ ਬਣਾਈ ਜਾ ਰਹੇ ਨੇ ਕਿ ਹਰੇਕ ਮੰਜ਼ਿਲ ਆਪਣੇ ਆਪ ਵਿੱਚ ਇੱਕ ਵੱਖਰਾ ਘਰ ਪ੍ਰਤੀਤ ਹੁੰਦੀ ਹੈ ।ਬਲਕਿ ਹਰੇਕ ਮੰਜ਼ਿਲ ਦਾ ਹਰੇਕ ਹਿੱਸਾ ਆਪਣੇ ਆਪ ਵਿੱਚ ਵੱਖਰਾ ਘਰ ਹੈ। ਦੂਸਰੇ ਹਿੱਸਿਆਂ ਵਿੱਚ ਰਹਿਣ ਵਾਲੇ ਉਸ ਅੰਦਰ ਘਰ ਵਾਲੇ ਦੀ ਮਰਜ਼ੀ ਤੋਂ ਬਗੈਰ ਪ੍ਰਵੇਸ਼ ਨਹੀਂ ਕਰ ਸਕਦੇ। ਕਈ ਲੋਕ ਤਾਂ ਇਸ ਢੰਗ ਨਾਲ ਮੰਜਿਲਾਂ ਉੱਪਰ ਮੰਜ਼ਿਲਾਂ ਦੀ ਉਸਾਰੀ ਕਰਦੇ ਹਨ, ਕਿ ਉਹਨਾਂ ਅੰਦਰ ਬਾਹਰਲੇ ਕਿਸੇ ਬੰਦੇ ਦੀ ਅੱਖ ਵੀ ਅੰਦਰ ਨਹੀਂ ਜਾ ਸਕਦੀ। ਇਸ ਤਰ੍ਹਾਂ ਦੇ ਘਰਾਂ ਦਾ ਆਪਣਾ ਇੱਕ ਤਰ੍ਹਾਂ ਦੇ ਘਰਾਂ ਦਾ ਆਪਣਾ ਇੱਕ ਰਹਿਸ ਭਰਿਆ ਰੋਮਾਂਸ ਹੈ। ਪਰ ਇਸ ਨੂੰ ਵੇਖ ਕੇ ਲੋਕ ਗੀਤਾਂ ਵਾਲੇ ਚੁਬਾਰੇ ਅੱਖਾਂ ਸਾਹਮਣੇ ਨਹੀਂ ਆਉਂਦੇ ।ਤਾਹੀਓ ਤਾਂ ਕਿਸੇ ਨੇ ਗੀਤ ਵਿੱਚ ਲਿਖਿਆ ਹੈ ।



ਮੈਨੂੰ ਖਿੱਚ ਲੈ ਚੁਬਾਰੇ ਵਿੱਚ ਬਾਂਹ ਫੜ ਕੇ ,
ਮੈਨੂੰ ਖਿੱਚ ਲੈ ਵੈਰੀ ਆ ।

ਹਰ ਬੰਦਾ ਆਪਣੇ ਘਰ ਉੱਪਰ ਇੱਕ ਚੁਬਾਰਾ ਬਣਾਉਣ ਦਾ ਚਾਹਵਾਨ ਹੈ ।ਪਰ ਸਾਹਿਤ ਵਿੱਚ ਚੁਬਾਰਿਆਂ ਦੇ ਵਿਰੁੱਧ ਜਿਹੜਾ ਤੂਫ਼ਾਨ ਝੁੱਲ ਪਿਆ ਹੈ। ਉਸ ਨਾਲ ਬਹੁਤ ਸਾਰੇ ਲੋਕਾਂ ਦੇ ਦਿਲਾਂ ਵਿੱਚ ਇਸ ਖਾਹਿਸ਼ ਦਾ ਦੀਵਾ ਗੁੱਲ ਹੋ ਗਿਆ ਹੈ। ਕੀਤਾ ਕੀ ਜਾਵੇ ਜੇਕਰ ਚੁਬਾਰਾ ਬਣਾਓ ਤਾਂ ਲੇਖਕਾਂ ਕੋਲੋਂ ਸਾਹਿਤ ਵਿੱਚ ਵਿਅੰਗ ਦੇ ਤੀਰ ਖਾਓ। ਨਾਲੇ ਇਹ ਕਿਹੜਾ ਲੋਕ ਸਾਹਿਤ ਪੜ੍ਹਦੇ ਹਨ ।ਇਹਨਾਂ ਨੂੰ ਕੀ ਪਤਾ ਸਾਹਿਤ ਵਿੱਚ ਚੁਬਾਰਿਆਂ ਵਿਰੁੱਧ ਕੀ ਕੁਝ ਲਿਖਿਆ ਗਿਆ ਹੈ। ਇਹਨਾਂ ਲੋਕਾਂ ਦੀਆਂ ਤੇ ਖਾਸ ਕਰਕੇ ਚੁਬਾਰਿਆਂ ਦੀ ਇਹੋ ਖ਼ੁਸ਼ਕਿਸਮਤੀ ਜਿਹੀ ਹੈ ।ਇਹੋ ਹੀ ਕਾਰਨ ਹੈ ਕਿ ਵਿਚਲੇ ਵਿਅੰਗ ਸਾਹਿਤ ਤੋਂ ਅਭਿੱਜ ਇਕ ਛੋਟਾ ਕਿਸਾਨ ਅੱਜ ਹੀ ਆਪਣੀ ਗੋਰੀ ਨੂੰ ਇੱਕ ਗੱਲ ਕਹਿ ਰਿਹਾ ਹੈ ,ਕਿ ਉਹ ਭਰਾਵਾਂ ਨਾਲ ਜ਼ਮੀਨ ਵੰਡ ਕੇ ਉਸਨੂੰ ਚੁਬਾਰਾ ਜ਼ਰੂਰ ਪਵਾਕੇ ਦੇਵੇਗਾ

ਪਿੰਡਾਂ ਵਿੱਚੋਂ ਪਿੰਡ ਸੁਣੀਦਾ ,ਪਿੰਡ ਸੁਣੀ ਦਾ ਭਾਰਾ ।
ਗਈਓ ਰੇਤ ਵੰਡਾ ਲਾਗਾਣੀ, ਕੋਠੇ ਨਾਲ ਚੁਬਾਰਾ ।
ਜ਼ਮੀਨ ਦੇ ਵਿੱਚੋਂ ਅੱਧ ਵੰਡਾਵਾਂ, ਬਲਦ ਸਾਂਭ ਲਾ ਨਾਰਾ।
ਰੋਹੀ ਵਾਲਾ ਜੰਡ ਵੱਢ ਕੇ ,ਤੈਨੂੰ ਕੱਲੀ ਨੂੰ ਪੁਆ ਦਊ ਚੁਬਾਰਾ।

ਮਹਾਨ ਸ਼ਾਇਰਾ ਅੰਮ੍ਰਿਤਾ ਪ੍ਰੀਤਮ ਨੇ ਵੀ ਲਿਖਿਆ ਹੈ, ਕਿ --

ਮਹਿਲਾਂ ਦੀਆਂ ਗੁਆਂਢੀ ਝੁੱਗੀਆਂ ,
ਹਰੀ ਕਚੂਰ ਬਰੂਟੀ ਦੇ ਨਾਲ ,
ਖੱਬਲ ਵਾਂਗ ਉਗੀਆਂ।

ਜਾਂ ਕਈ ਗੀਤਾਂ ਵਿੱਚ ਜ਼ਿਕਰ ਹੈ ---

ਜੇ ਮੈਂ ਹੁੰਦੀ ਜ਼ੈਲਦਾਰਨੀ,
ਤੇਰੀ ਗੁੱਤ ਤੇ ਤੇਰੀ ਮੁੱਛ ਤੇ ਚੁਬਾਰਾ ਪਾਉਂਦੀ।

ਜਾਂ

ਲੰਬੜਦਾਰ ਦਾ ਚੁਬਾਰਾ ਤੱਕਕੇ,
ਬੇਗੋ ਨਾਰ ਦਾ ਕਲੇਜਾ ਧੜਕੇ ।
ਵਾਰ ਦਿਆਂ ਜਿੰਦ ਸੋਹਣਿਆ,
ਜੇ ਤੂੰ ਬੁਲਾਵੇ ਚੁਬਾਰੇ ਚੜ੍ਹ ਕੇ।

ਇਸੇ ਤਰ੍ਹਾਂ ਇੱਕ ਔਰਤ ਕਹਿੰਦੀ ਹੈ -----

ਸੁਣ ਵੇ ਸੂਰਜਾ! ਸੁਣ ਵੇ ਚੰਨਾ,
ਨੈਣੀਂ ਨੀਰ ਵਹਾਵਾਂ ।
ਜੇ ਮੇਰਾ ਢੋਲ ਆ ਜਾਵੇ ,
ਉੱਚੇ ਚੜ੍ਹ ਕੇ ਚੁਬਾਰੇ ਗਾਵਾਂ ।
ਸੁਣ ਵੇ ਸੂਰਜਾ! ਸੁਣ ਵੇ ਚੰਨਾ ,
ਜੇ ਮੇਰਾ ਢੋਲ ਆਹ ਮੁੜੇ ।
ਅੱਗ ਇਹਨਾਂ ਚੁਬਾਰਿਆਂ ਨੂੰ ਲਾਵਾਂ।

ਜਾਂ

ਅੰਬ ਚੂਪਦੀ ਚੁਬਾਰੇ ਵਿੱਚ ਚੜ੍ਹਕੇ
ਗੁਵਾਂਢੀਆਂ ਦੇ ਮਾਰੇ ਗਿਟਕਾਂ।

ਜਾਂ

ਸਾਹਮਣੇ ਚੁਬਾਰੇ ਵਿੱਚ ਮੈਂ ਖੇਡਾਂ ਗੀਟੀਆਂ,
ਗੱਭਰੂ ਜਵਾਨ ਮੁੰਡਾ ਮਾਰਿਆ ਸੀਟੀਆਂ।

ਪਰ ਦੋਸਤੋ ਭਾਵੇਂ ਅਸੀਂ ਤਰੱਕੀ ਕਰ ਲਈ ਹੈ। ਪਰ ਅੱਜ ਪੰਜਾਬ ਦੇ ਪਿੰਡਾਂ ਵਿੱਚ ਟਾਂਵੇ -ਟਾਂਵੇ ਘਰਾਂ ਵਿੱਚ ਹੀ ਚੁਬਾਰਾ ਦੇਖਣ ਨੂੰ ਮਿਲਦਾ ਹੈ । ਅੱਜ ਕੱਲ੍ਹ ਪਿੰਡਾਂ ਵਿੱਚੋਂ ਵੀ ਚੁਬਾਰੇ ਅਲੋਪ ਹੋ ਰਹੇ ਹਨ

ਸ਼ੁਭ ਚਿੰਤਕ ਪਾਠਕ।



**ਡਾਕਟਰ ਨਰਿੰਦਰ ਭੱਪਰ ਝਬੇਲਵਾਲੀ।**
**ਪਿੰਡ ਤੇ ਡਾਕਖਾਨਾ ਝਬੇਲਵਾਲੀ।**
**ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ।**
**62841-45349**

# ਗੋਰਾਇਆ ਪੁਲਿਸ ਤੇ ਗੈਂਗਸਟਰ ਵਿਚਕਾਰ ਐਂਨਕਾਊਟਰ, ਗੈਂਗਸਟਰ ਜਖਮੀ

**● ਗੈਂਗਸਟਰ ਗੋਪੀ 'ਤੇ 5 ਮੁਕੱਦਮੇ ਸਨ ਦਰਜ, ਦੋ 'ਚ ਚਲ ਰਿਹਾ ਸੀ ਭਗੌੜਾ ● ਇੱਕ ਆਲਟੋ ਕਾਰ, ਇੱਕ ਪਿਸਟਲ ਤੇ ਦੋ ਰੌਂਦ ਵੀ ਬਰਾਮਦ**

**ਫਿਲੌਰ/ਗੋਰਾਇਆ/ਅੱਪਰਾ, 24 ਨਵੰਬਰ (ਦੀਪਾ)**-ਅੱਜ ਗੋਰਾਇਆ ਫਿਲੌਰ ਮੁੱਖ ਮਾਰਗ 'ਤੇ ਪਿੰਡ ਕਮਾਲਪੁਰ ਦੇ ਨਜ਼ਦੀਕ ਗੋਰਾਇਆ ਪੁਲਿਸ ਤੇ ਇੱਕ ਗੈਂਗਸਟਰ ਦੇ ਵਿਚਕਾਰ ਐਂਨਕਾਊਟਰ ਹੋ ਗਿਆ, ਜਿਸ 'ਚ ਗੈਂਗਸਟਰ ਦੀ ਲੱਤ 'ਚ ਗੋਲੀ ਲੱਗਣ ਕਾਰਣ ਉਹ ਜਖਮੀ ਹੋ ਗਿਆ। ਜਿਸਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ। ਇਸ ਸੰਬੰਧ 'ਚ ਜਾਣਕਾਰੀ ਦਿੰਦਿਆਂ ਐੱਸ. ਐੱਸ. ਪੀ ਜਲੰਧਰ (ਦਿਹਾਤੀ) ਨੇ ਦੱਸਿਆ ਕਿ ਏ. ਐੱਸ. ਆਈ ਸੁਖਵਿੰਦਰਪਾਲ ਸਿੰਘ ਸੋਢੀ ਚੌਂਕੀ ਇੰਚਾਰਜ ਧੁਲੇਤਾ ਤੇ ਏ. ਐੱਸ. ਆਈ ਜੰਗ ਬਹਾਦਰ ਸਿੰਘ ਚੌਂਕੀ ਇੰਚਾਰਜ ਦੁਸਾਂਝ ਕਲਾਂ ਨੂੰ ਸੂਚਨਾ ਮਿਲੀ ਸੀ ਕਿ



ਇੱਕ ਗੈਂਗਸਟਰ ਗੁਰਪ੍ਰੀਤ ਸਿੰਘ ਗੋਪੀ ਜੋ ਕਿ ਪਿੰਡ ਕਟਾਣਾ ਦਾ ਰਹਿਣ ਵਾਲਾ ਹੈ, ਉਹ ਇਲਾਕੇ 'ਚ ਘੁੰਮ ਰਿਹਾ ਹੈ। ਉਸਦੇ ਕਿਲਾਫ਼ ਕੁੱਲ 5 ਮਾਮਲੇ ਆਰਮਜ਼ ਐਕਟ, ਲੁੱਟ-ਖੋਹ ਤੇ ਲੜਾਈ ਝਗੜਿਆਂ ਦੇ ਦਰਜ ਸਨ ਤੇ ਦੋ ਮਾਮਲਿਆਂ 'ਚ ਉਹ ਮਾਣਯੋਗ ਅਦਾਲਤ ਵਲੋਂ ਭਗੌੜਾ ਕਰਾਰ ਸੀ। ਉਨਾਂ ਉਕਤ ਸੂਚਨਾ ਇੰਸਪੈਕਟਰ ਸਿਕੰਦਰ ਸਿੰਘ ਵਿਰਕ ਥਾਣਾ ਮੁਖੀ ਗੋਰਾਇਆ ਨਾਲ ਸਾਂਝ ਕੀਤੀ। ਜਿਨਾਂ ਨੇ ਇਹ ਸੂਚਨਾ ਅੱਗੇ ਆਪਣੇ ਸੀਨੀਅਰ ਪੁਲਿਸ ਅਧਿਕਾਰੀਆਂ ਡੀ. ਐੱਸ. ਪੀ ਸਰਵਣ ਸਿੰਘ ਬੱਲ ਤੇ



ਐੱਸ. ਪੀ ਡਿਟੈਕਟਿਵ ਸਰਬਜੀਤ ਰਾਏ ਨਾਲ ਸਾਂਝੀ ਕੀਤੀ। ਗੈਂਗਸਟਰ ਗੋਪੀ ਨੂੰ ਗ੍ਰਿਫਤਾਰ ਕਰਨ ਲਈ ਉੱਚ ਪੁਲਿਸ ਅਧਿਕਾਰੀਆਂ ਵਲੋਂ ਵੱਖ ਵੱਖ ਟੀਮਾਂ ਦਾ ਗਠਨ ਕੀਤਾ ਗਿਆ। ਗੈਂਗਸਟਰ ਗੋਪੀ ਨੂੰ ਫੜਨ ਲਈ ਉਸਦਾ ਪਿੱਛਾ ਕੀਤਾ ਗਿਆ, ਜੋ ਕਿ ਇੱਕ ਆਲਟੋ ਕਾਰ 'ਚ ਆ ਰਿਹਾ ਸੀ। ਪੁਲਿਸ ਪਾਰਟੀ ਨੂੰ ਦੇਖ ਕੇ ਉਸਨੇ ਆਪਣੀ ਗੱਡੀ ਭਜਾ ਲਈ, ਜੋ ਕਿ ਸੜਕ ਦੇ ਨਾਲ ਖਤਾਨਾਂ 'ਚ ਫਸ ਗਈ। ਐੱਸ. ਐੱਸ. ਪੀ ਜਲੰਧਰ (ਦਿਹਾਤੀ) ਨੇ ਅੱਗੇ ਦੱਸਿਆ ਕਿ ਗੋਪੀ ਗੱਡੀ 'ਚ ਨਿਕਲ ਕੇ ਭੱਜਣ ਲੱਗਾ ਤੇ ਉਸਨੇ ਭੱਜਦੇ ਹੋਏ ਪੁਲਿਸ ਪਾਰਟੀ 'ਤੇ ਦੋ ਗੋਲੀਆਂ ਚਲਾ ਦਿੱਤੀਆਂ। ਪੁਲਿਸ





ਦੀ ਜਬਾਵੀ ਫਾਇਰਿੰਗ 'ਚ ਇੱਕ ਗੋਲੀ ਉਸਦੀ ਖੱਬੀ ਲੱਤ 'ਚ ਵੱਜੀ। ਪੁਲਿਸ ਨੇ ਉਸਨੂੰ ਗ੍ਰਿਫਤਾਰ ਕਰਕੇ ਉਸਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾ ਦਿੱਤਾ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਗੁਰਪ੍ਰੀਤ ਗੋਪੀ ਖੱਤਰੀ ਗੈਂਗ ਦਾ ਮੈਂਬਰ ਹੈ। ਉਸ ਪਾਸੋਂ ਇੱਕ ਆਲਟੋ ਕਾਰ, ਇੱਕ ਵਿਦੇਸ਼ੀ ਰਿਵਾਲਵਰ ਤੇ ਦੋ ਰੌਂਦ ਵੀ ਬਰਾਮਦ ਕੀਤੇ ਗਏ ਹਨ। ਫਿਲਹਾਰ ਪੁਲਿਸ ਮਾਮਲੇ ਨਾਲ ਸੰਬੰਧਿਤ ਅਗਲੇਰੀ ਕਾਰਵਾਈ 'ਚ ਜੁਟ ਗਈ ਹੈ।

# ਮਸਲਾ ਚੰਡੀਗੜ੍ਹ ਨੂੰ ਸਥਾਈ ਸ਼ਾਸਤ ਪ੍ਰਦੇਸ਼ ਬਣਾਉਣ ਦਾ ਲਿਬਰੇਸ਼ਨ ਵਲੋਂ ਮੋਦੀ ਸਰਕਾਰ ਦੀਆਂ ਪੰਜਾਬ ਦੋਖੀ ਸਾਜ਼ਿਸ਼ਾਂ ਦਾ ਸਖ਼ਤ ਵਿਰੋਧ

**ਮਾਨਸਾ, (ਜਸਵੰਤ ਗਿੱਲ ਸਮਾਲਸਰ)** ਸੀਪੀਆਈ (ਐਮਐਲ) ਲਿਬਰੇਸ਼ਨ ਨੇ ਮੋਦੀ-ਸ਼ਾਹ ਸਰਕਾਰ ਵੱਲੋ ਪੰਜਾਬ ਯੂਨੀਵਰਿਸਟੀ ਚੰਡੀਗੜ੍ਹ ਦੇ ਪਹਿਲਾਂ ਤੋਂ ਹੀ ਅੰਦੋਲਨ ਦਾ ਮੁੱਦਾ ਬਣੇ ਮਸਲੇ ਨੂੰ ਹੱਲ ਕਰਨ ਦੀ ਬਜਾਏ, ਉਲਟਾ ਹੁਣ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਮੁਕੰਮਲ ਤੌਰ ਤੇ ਕੇਂਦਰੀ ਸ਼ਾਸਤ ਪ੍ਰਦੇਸ਼ ਬਨਾਉਣ ਲਈ ਲੋਕ ਸਭਾ ਦੇ ਪਹਿਲੀ ਦਸੰਬਰ ਨੂੰ ਸ਼ੁਰੂ ਹੋਣ ਵਾਲੇ ਸੈਸ਼ਨ ਵਿੱਚ ਲਿਆਂਦੇ ਜਾ ਰਹੇ ਸੰਭਾਵਿਤ ਬਿੱਲ ਨੂੰ ਪੰਜਾਬ ਦੋਖੀ ਅਤੇ ਲੋਕਤੰਤਰ ਦੇ ਮੁਢਲੇ ਅਸੂਲਾਂ ਦਾ ਘਾਣ ਕਰਨ ਵਾਲਾ ਕਰਾਰ ਦਿੰਦਿਆਂ ਕਿਹਾ ਹੈ ਕਿ ਲਿਬਰੇਸ਼ਨ ਸਾਰੀਆਂ ਹਮਖਿਆਲ ਤਾਕਤਾਂ ਨਾਲ ਮਿਲ ਕੇ ਇਸ ਅਨੈਤਿਕ ਫੈਸਲੇ ਪੂਰੀ ਤਾਕਤ ਨਾਲ ਵਿਰੋਧ ਕਰੇਗੀ।

ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰ ਅਤੇ ਪਾਰਟੀ ਦੇ ਸੂਬਾਈ ਬੁਲਾਰੇ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਵਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਸਮੁੱਚੇ ਸਿਆਸੀ ਹਲਕੇ ਅਤੇ ਦੇਸ਼ ਦੇ ਜਾਗਰੂਕ ਲੋਕ ਜਾਣਦੇ ਹਨ ਕਿ ਚੰਡੀਗੜ੍ਹ ਪੰਜਾਬ ਦੇ 30 ਪਿੰਡਾਂ ਨੂੰ ਉਜਾੜ ਕੇ ਪੰਜਾਬ ਦੀ ਰਾਜਧਾਨੀ ਵਜੋਂ ਉਸਾਰਿਆ ਗਿਆ ਸੀ ਪਰ ਅਫਸੋਸ ਕਿ ਰਾਜੀਵ ਲੌਂਗੋਵਾਲ ਸਮਝੌਤੇ ਤਹਿਤ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਐਲਾਨ ਕਰਨ ਦੇ ਬਾਵਜੂਦ, ਉਦੋਂ ਤੋਂ ਲੈਕੇ ਹੁਣ ਤੱਕ ਕਿਸੇ ਵੀ ਕੇਂਦਰ ਸਰਕਾਰ ਨੇ ਇਸ ਫੈਸਲੇ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ, ਉਲਟਾ ਹੁਣ ਮੋਦੀ ਸਰਕਾਰ ਵਲੋਂ ਪੰਜਾਬ ਤੋਂ ਚੰਡੀਗੜ੍ਹ ਨੂੰ ਪੱਕੇ ਤੌਰ ਤੇ ਖੋਹਣ ਦਾ ਕਾਨੂੰਨ ਲਿਆਂਦਾ ਜਾ ਰਿਹਾ ਹੈ। ਇਹ ਵੀ ਕੌੜਾ ਸੱਚ ਹੈ ਕਿ ਚੰਡੀਗੜ੍ਹ ਤੋਂ ਇਲਾਵਾ ਪੰਜਾਬ ਦੇ ਦਰਿਆਈ ਪਾਣੀਆਂ, ਪੰਜਾਬੀ ਬੋਲਦੇ ਇਲਾਕਿਆਂ ਅਤੇ ਪੰਜਾਬ ਦੇ ਪ੍ਰਮੁੱਖ ਡੈਮਾਂ ਤੇ ਹੈੱਡ ਵਰਕਸਾਂ ਦਾ ਕੰਟਰੋਲ, ਜੋ ਪੰਜਾਬ ਦੇ ਪੁਨਰਗਠਨ ਮੌਕੇ ਕੇਂਦਰ ਸਰਕਾਰ ਨੇ ਆਰਜ਼ੀ ਤੌਰ 'ਤੇ ਅਪਣੇ ਹੱਥ ਵਿੱਚ ਲਿਆ ਸੀ, ਉਹ ਮੁੜ ਅੱਜ ਤਕ ਵੀ ਪੰਜਾਬ ਹਵਾਲੇ ਨਹੀ ਕੀਤਾ ਗਿਆ ਹੈ। ਦੇਸ਼ ਵਿੱਚ ਇਸ ਤਰ੍ਹਾਂ ਦਾ ਪੱਖਪਾਤ ਪੂਰਨ ਸਿਆਸੀ ਵਿਵਹਾਰ ਕੇਵਲ ਪੰਜਾਬ ਨਾਲ ਹੀ ਕੀਤਾ ਜਾ ਰਿਹਾ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਦਰਅਸਲ ਮੋਦੀ-ਸ਼ਾਹ ਸਰਕਾਰ ਵੱਲੋ ਰਿਆਸਤ ਜੰਮੂ ਅਤੇ ਕਸ਼ਮੀਰ ਦੇ ਭਾਰਤ ਨਾਲ ਇਲਹਾਕ ਦਾ ਆਧਾਰ ਬਣੀ 370 ਧਾਰਾ ਨੂੰ ਖਤਮ ਕਰਕੇ ਉਥੋਂ ਦੀ ਮੁਸਲਿਮ ਘੱਟ ਗਿਣਤੀ ਜਨਤਾ ਨੂੰ ਅਪਣੇ ਵਲੋਂ ਸਬਕ ਸਿਖਾਉਣ ਤੋਂ ਬਾਅਦ ਹੁਣ ਸਿੱਖ ਘੱਟ ਗਿਣਤੀ ਨੂੰ ਵੀ ਝਟਕਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰ ਦੁੱਖ ਦੀ ਗੱਲ ਹੈ ਕਿ ਹਾਲੇ ਵੀ ਸਤਾ ਦੀ ਲਾਲਸਾ ਵਿੱਚ ਵੱਖ ਵੱਖ ਅਕਾਲੀ ਧੜੇ ਅੰਦਰਖਾਤੇ ਪੰਜਾਬ ਦੁਸ਼ਮਣ ਬੀਜੇਪੀ ਨਾਲ ਚੋਣ ਗੱਠਜੋੜ ਕਰਨ ਲਈ ਦਿਨ ਰਾਤ ਤਰਲੋ ਮੱਛੀ ਹੋ ਰਹੇ ਹਨ।

ਲਿਬਰੇਸ਼ਨ ਨੇ ਪੰਜਾਬ ਦੀਆਂ ਸਮੁੱਚੀਆਂ ਸਿਆਸੀ ਪਾਰਟੀਆਂ, ਸੰਘਰਸ਼ੀ ਜਥੇਬੰਦੀਆਂ ਅਤੇ ਲੋਕਾਂ ਨੂੰ ਕੇਂਦਰ ਸਰਕਾਰ ਦੀਆਂ ਇੰਨਾਂ ਪੰਜਾਬ ਵਿਰੋਧੀ ਸਾਜਿਸ਼ਾਂ ਵਿਰੁੱਧ ਇਕਮੁੱਠ ਹੋਣ ਅਤੇ ਇਕ ਵਿਸ਼ਾਲ ਸਾਂਝੇ ਅੰਦੋਲਨ ਦੀ ਤਿਆਰੀ ਕਰਨ ਦਾ ਸੱਦਾ ਦਿੱਤਾ ਹੈ।

## ਪੁਲਿਸ ਚੌਂਕੀ ਅੱਪਰਾ ਤੋਂ ਮਹਿਜ਼ ਕੁਝ ਮੀਟਰ ਦੀ ਦੂਰੀ 'ਤੇ ਐੱਨ. ਆਰ. ਆਈ ਦੇ ਬੰਦ ਪਏ ਘਰ ਤੇ ਮੈਰਿਜ ਪੈਲੇਸ 'ਚ ਚੋਰੀ





**ਫਿਲੌਰ/ਅੱਪਰਾ (ਦੀਪਾ)-** ਅੱਪਰਾ ਤੇ ਆਸ-ਪਾਸ ਦੇ ਪਿੰਡਾਂ 'ਚ ਲੁੱਟ ਖੋਹ ਤੇ ਚੋਰੀ ਦੀਆਂ ਵਾਰਦਾਤਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਅਣਪਛਾਤੇ ਚੋਰ ਤੇ ਲੁਟੇਰੇ ਬੇਖੌਫ ਹੋ ਕੇ ਉਕਤ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਬੀਤੀ ਰਾਤ ਵੀ ਅਣਪਛਾਤੇ ਚੋਰ ਪੁਲਿਸ ਚੌਂਕੀ ਅੱਪਰਾ ਤੋਂ ਲਗਭਗ ਕੁਝ ਮੀਟਰ ਦੀ ਦੂਰੀ 'ਤੇ ਸਥਿਤ ਇੱਕ ਮਾਰਕੀਟ ਦੇ ਪਿਛਲੇ ਪਾਸੇ ਬਣੇ ਘਰ ਤੇ ਮੈਰਿਜ ਪੈਲੇਸ 'ਚ ਸਮਾਨ ਚੋਰੀ ਕਰਕੇ ਲੈ ਗਏ। ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਰੌਬਿਨ ਸਿੰਘ ਪੁੱਤਰ ਅਜਾਇਬ ਸਿੰਘ ਵਾਸੀ ਪਿੰਡ ਲੋਹਗੜ ਨੇ ਦੱਸਿਆ ਉਸਦੇ ਚਾਚੇ ਦਾ ਲੜਕਾ ਬਹਾਦਰ ਸਿੰਘ ਸਿੰਘ ਪੁੱਤਰ ਸੁਖਦੇਵ ਸਿੰਘ ਯੂ. ਕੇ ਰਹਿੰਦਾ ਹੈ। ਇਹ ਮਾਰਕੀਟ ਪੁਲਿਸ ਚੌਂਕੀ ਅੱਪਰਾ ਵਾਲੇ ਮੇਨ ਚੌਂਕ 'ਚ ਹੈ। ਇਸਦੇ ਉੱਪਰ ਦੋ ਮੰਜਿਲਾਂ ਮੈਰਿਜ ਪੈਲੇਸ ਵੀ ਬਣਿਆ ਹੋਇਆ ਹੈ। ਬੀਤੀ ਸ਼ਾਮ ਮਾਰਕੀਟ ਦੇ ਇੱਕ ਦੁਕਾਨਦਾਰ ਨੇ ਰੌਬਿਨ ਸਿੰਘ ਨੂੰ ਦੱਸਿਆ ਕਿ ਉਨਾਂ ਦਾ ਛੋਟਾ ਮੇਨ ਗੇਟ ਖੁੱਲਾ ਹੋਇਆ ਹੈ। ਜਦੋਂ ਰੌਬਿਨ ਨੇ ਆ ਕੇ ਦੇਖਿਆ ਤਾਂ ਚੋਰਾਂ ਨੇ ਛੱਤ ਵਾਲੇ ਪੱਖੇ, ਦੀਵਾਰ ਵਾਲੇ ਪੱਖੇ (ਕੁੱਲਿ ਗਣਤੀ 100 ਤੋਂ ਵੱਧ), ਸਾਰੇ ਹੀ ਬਾਥਰੂਮਾਂ ਦੀਆਂ ਪਿੱਤਲ ਦੀਆਂ ਟੂਟੀਆਂ, ਗੀਜਰ, ਫਰਿੱਜ, ਗੈਸ ਸਿਲੰਡਰ, ਐੱਲ. ਸੀ. ਡੀ, ਸਾਰੇ ਦੀ ਦਰਵਾਜ਼ਿਆਂ ਦੇ ਪਿੱਤਲ ਦੇ ਹੈਂਡਲ, ਲਾਕ ਤੇ ਹੋਰ ਸਮਾਨ ਚੋਰੀ ਕਰਕੇ ਲੈ ਗਏ। ਰੌਬਿਨ ਨੇ ਅੱਗੇ ਦੱਸਿਆ ਕਿ ਸਾਰੇ ਪੈਲੇਸ ਦੀ ਫੋਲਾ-ਫਰਾਲੀ ਕੀਤੀ ਹੋਈ ਸੀ ਤੇ ਅੰਦਰ ਕੋਲਡ ਡਰਿੰਕਸ ਦੀਆਂ ਬੋਤਲਾਂ ਤੇ ਨਸ਼ਾ ਕਰਨ ਵਾਲੀਆਂ ਪੰਨੀਆਂ ਵੀ ਖਿਲਰੀਆ ਪਈਆਂ ਸਨ। ਘਟਨਾ ਦੇ ਸੰਬੰਧ 'ਚ ਅੱਪਰਾ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

## ਇਨਰ ਵ੍ਹੀਲ ਕਲੱਬ ਮਿਡਟਾਊਨ ਵੱਲੋਂ ਬਜ਼ੁਰਗਾਂ ਨੂੰ ਮਫਲਰ ਅਤੇ ਗਰਮ ਜੁਰਾਬਾਂ ਵੰਡੀਆਂ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਇਨਰ ਵ੍ਹੀਲ ਕਲੱਬ ਵੱਲੋਂ "ਸਾਡੇ ਬਜ਼ੁਰਗ ਸਾਡਾ ਮਾਣ" ਐਨ.ਜੀ.ਓ ਦੇ ਬਜ਼ੁਰਗਾਂ ਨੂੰ ਗਰਮ ਜੁਰਾਬਾਂ ਅਤੇ ਮਫਲਰ ਵੰਡੇ ਗਏ ਅਤੇ ਦੋ ਵੱਡੇ ਕੂੜਾਦਾਨ ਵੀ ਦਿੱਤੇ ਗਏ ਤਾਂ ਕਿ ਕੂੜੇ ਦੀ ਸਾਂਭ-ਸੰਭਾਲ ਸਹੀ ਹੋ ਸਕੇ । ਇਸ ਮੌਕੇ ਕਲੱਬ ਦੀ ਪ੍ਰਧਾਨ ਨਿਸ਼ਾ ਸ਼ਰਮਾ, ਮੀਨਾ ਗੁਪਤਾ, ਕੁਸਮ ਅਗਰਵਾਲ, ਸੁਲੇਖਾ ਸਚਦੇਵਾ ਪ੍ਰਮੁੱਖ ਤੌਰ ਤੇ ਹਾਜ਼ਰ ਸਨ।

# ਸ਼ਰਧਾਲੂਆਂ ਦੀ ਸਹੂਲਤ ਲਈ 01887-297027 ਪੁਲਿਸ ਕੰਟਰੋਲ ਰੂਮ 24/7 ਹੋਣਗੇ ਕਾਰਜਸ਼ੀਲ-ਜਸ਼ਨਦੀਪ ਸਿੰਘ ਮਾਨ

### 350 ਸਾਲਾਂ ਸ਼ਹੀਦੀ ਸ਼ਤਾਬਦੀ ਸਮਾਗਮਾਂ ਮੌਕੇ ਸ਼ਰਧਾਲੂਆਂ ਦੀ ਸਹੂਲਤ ਲਈ ਪ੍ਰਸਾਸ਼ਨ ਨੇ ਕੀਤੇ ਪੁਖਤਾ ਪ੍ਰਬੰਧ



**ਰੂਪਨਗਰ /ਸ੍ਰੀ ਅਨੰਦਪੁਰ ਸਾਹਿਬ (ਜਤਿੰਦਰ ਪਾਲ ਸਿੰਘ ਕਲੇਰ )** ਜਸ਼ਨਦੀਪ ਸਿੰਘ ਮਾਨ ਡੀ.ਐਸ.ਪੀ ਸ੍ਰੀ ਅਨੰਦਪੁਰ ਸਾਹਿਬ ਨੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਮੌਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਰਹੇ ਲੱਖਾਂ ਸ਼ਰਧਾਲੂਆਂ ਤੇ ਸਥਾਨਿਕ ਵਸਨੀਕਾਂ ਦੀ ਸਹੂਲਤ ਲਈ 24/7 ਕੰਟਰੋਲ ਰੂਮ ਸਥਾਪਿਤ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਤਹਿਤ 01887-297027 ਪੁਲਿਸ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ। ਜਿੱਥੇ 24/7 ਵੱਖ ਵੱਖ ਵਿਭਾਗਾ ਦੇ ਅਧਿਕਾਰੀ/ਕਰਮਚਾਰੀ ਡਿਊਟੀ ਤੇ ਤੈਨਾਤ ਹਨ। ਕੰਟਰੋਲ ਰੂਮ ਤੇ ਤੈਨਾਤ ਕਰਮਚਾਰੀ ਕਿਸੇ ਵੀ ਤਰਾਂ ਦੀ ਸ਼ਿਕਾਇਤ, ਸਹੂਲਤ, ਸੁਝਾਅ ਨੂੰ ਦਰਜ ਕਰਕੇ ਉਸ ਦੀ ਤੁਰੰਤ ਸੂਚਨਾ ਸਬੰਧਿਤ ਵਿਭਾਗ ਤੱਕ ਪਹੁੰਚਾਉਦੇ ਹਨ ਅਤੇ ਉਸ ਤੇ ਕੀਤੀ ਗਈ ਕਾਰਵਾਈ ਦੀ ਰਿਪੋਰਟ ਲੈਣ ਉਪਰੰਤ ਹੀ ਉਸ ਸ਼ਿਕਾਇਤ, ਸੁਝਾਅ, ਸਹੂਲਤ ਦਾ ਨਿਬੇੜਾ ਕਰਦੇ ਹਨ। ਲੰਗਰ ਕਮੇਟੀਆਂ, ਦੁਕਾਨਦਾਰਾਂ, ਸ਼ਰਧਾਲੂਆਂ ਤੇ ਸਥਾਨਕ ਵਸਨੀਕਾਂ ਲਈ ਇਹ ਕੰਟਰੋਲ ਰੂਮ ਬਹੁਤ ਕਾਰਗਰ ਸਿੱਧ ਹੋ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਕਿਸੇ ਵੀ ਤਰਾਂ ਦੀ ਜਾਣਕਾਰੀ, ਸਹੂਲਤ, ਸੁਝਾਅ ਜਾਂ ਸ਼ਿਕਾਇਤ ਲਈ 01887-297027 ਨੰਬਰ ਤੇ ਕਾਲ ਕਰਕੇ ਤੁਰੰਤ ਜਾਣਕਾਰੀ ਪ੍ਰਸਾਸ਼ਨ ਤੱਕ ਪਹੁੰਚਾਈ ਜਾ ਸਕਦੀ ਹੈ।

# ਹਿੰਦੀ ਅਤੇ ਪੰਜਾਬੀ ਸਿਨੇਮਾ ਦਾ ਹੈਂਡਸਮ ਤੇ ਹੀਮੈਨ ਧਰਮਿੰਦਰ

ਕੇਵਲ ਕ੍ਰਿਸ਼ਨ ਦਿਉਲ ਦੇ ਨਾਂ ਤੋਂ ਸ਼ਾਇਦ ਬਹੁਤੇ ਲੋਗ ਜਾਣੂ ਨਹੀਂ ਹੋਣਗੇ ਪਰ ਜਦੋਂ ਅਸੀਂ ਧਰਮਿੰਦਰ ਦਾ ਨਾਂ ਲੈਂਦੇ ਜਾਂ ਸੁਣਦੇ ਹਾਂ ਤਾਂ ਸਾਡੇ ਸਰੀਰ ਚ ਆਪ ਮੁਹਾਰੇ ਸਡੌਲਤਾ/ਰੋਹਬ ਜਿਹਾ ਭਰ ਜਾਂਦਾ ਹੈ ਕਿਉਂਕਿ ਧਰਮਿੰਦਰ ਭਾਰਤੀ ਸਿਨੇਮਾ ਦਾ ਇੱਕ ਅਜਿਹਾ ਐਕਟਰ/ਅਦਾਕਾਰ ਹੈ ਜਿਸ ਨੇ ਆਪਣੀਆਂ ਫਿਲਮਾਂ ਚ ਨਿਭਾਵੇ ਕਿਰਦਾਰ ਰਾਹੀਂ ਪੂਰੀ ਦੁਨੀਆ ਨੂੰ ਆਪਣਾ ਦੀਵਾਨਾ ਬਣਾਇਆ ਹੈ। ਧਰਮਿੰਦਰ ਨੇ ਆਪਣੇ ਸ਼ੁਰੂਆਤੀ ਦੇ ਦਿਨਾਂ ਤੋਂ ਲੈ ਕੇ ਹੁਣ ਤੀਕ ਆਪਣੇ ਕਿਰਦਾਰ ਦੇ ਕੱਦ ਨੂੰ ਉੱਚਾ ਰੱਖਿਆ ਹੋਇਆ ਹੈ।ਉਸ ਨੂੰ ਫਿਲਮੀ ਦੁਨੀਆ ਦਾ ਹੀਮੈਨ,ਪੰਜਾਬ ਦਾ ਬੱਬਰ ਸ਼ੇਰ ਵਰਗੇ ਅਨੇਕਾਂ ਖਿਤਾਬਾਂ ਨਾਲ ਨਿਵਾਜਿਆ ਗਿਆ ਹੈ। ਫ਼ਿਲਮੀ ਦੁਨੀਆ ਵਿਚ ਆਪਣੀ ਬਤੌਰ ਅਦਾਕਾਰੀ, ਨਿਰਮਾਤਾ, ਅਤੇ ਸਿਆਸਤਦਾਨ ਵਜੋਂ ਵਿਸ਼ੇਸ਼ ਪਹਿਚਾਣ ਬਣਾਉਣ ਵਾਲੇ ਇਸ ਪੰਜਾਬ ਦੇ ਪੁੱਤ ਦਾ ਜਨਮ ਲੁਧਿਆਣਾ ਜ਼ਿਲੇ ਦੇ ਪਿੰਡ ਨਸਰਾਲੀ ਵਿੱਚ ਰਹਿਣ ਵਾਲੇ ਪਿਤਾ ਸ੍ਰੀ ਕੇਵਲ ਕੇਸ਼ਨ ਸਿੰਘ ਦਿਓਲ ਅਤੇ ਸਤਵੰਤ ਕੌਰ ਦੇ ਘਰ 8 ਦਸੰਬਰ 1935 ਨੂੰ ਹੋਇਆ। ਉਸ ਦਾ ਜੱਦੀ ਪਿੰਡ, ਡਾਂਗੋਂ, ਪੱਖੋਵਾਲ,ਦੇ ਨੇੜੇ (ਲੁਧਿਆਣਾ) ਵਿਖੇ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਧਰਮਿੰਦਰ ਭਾਰਤੀ ਸਿਨੇਮਾ ਵਿੱਚ ਸਭ ਤੋਂ ਸੋਹਣਾ ਤੇ ਮਹਾਨ ਫ਼ਿਲਮੀ ਸਿਤਾਰਿਆਂ ਵਿੱਚੋਂ ਇੱਕ ਹੈ ਹੁਣ ਤੱਕ ਉਸ ਖ਼ੂਬਸੂਰਤੀ ਨੇ ਵੱਡੇ ਵੱਡੇ ਫ਼ਿਲਮੀ ਸਿਤਾਰਿਆਂ ਨੂੰ ਆਪਣਾ ਦੀਵਾਨਾ ਬਣਾਇਆ ਹੋਇਆ ਹੈ। ਉਦਾਹਰਨ ਦੇ ਤੌਰ ਤੇ ਸਾਲ 1997 ਵਿਚ, ਜਦੋਂ ਧਰਮਿੰਦਰ ਨੂੰ ਦਿਲੀਪ ਕੁਮਾਰ ਅਤੇ ਉਨ੍ਹਾਂ ਦੀ ਪਤਨੀ ਸਾਇਰਾ ਬਾਨੋ ਹੱਥੋਂ ਫਿਲਮਫੇਅਰ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਨਿਵਾਜਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਤਕਰੀਬਨ ਅਨੇਕਾਂ ਹੀ ਪ੍ਰਸਿੱਧ ਫਿਲਮਾਂ ਵਿੱਚ ਕੰਮ ਕੀਤਾ ਪਰ ਉਨ੍ਹਾਂ ਨੂੰ ਕਦੇ ਵੀ ਕਿਸੇ ਫਿਲਮਫ਼ੈਰੇਅਰ ਪੁਰਸਕਾਰ ਨਹੀਂ ਮਿਲਿਆ। ਇਸ ਮੌਕੇ ਬੋਲਦਿਆਂ ਦਲੀਪ ਕੁਮਾਰ ਨੇ ਕਿਹਾ ਕਿ ਜਦੋਂ ਵੀ ਉਹ ਪ੍ਰਮਾਤਮਾ ਨਾਲ ਮਿਲੇਗਾ ਤਾਂ ਮੈਂ ਪਹਿਲੀ ਸ਼ਿਕਾਇਤ ਇਹੀ ਕਰਾਂਗਾ ਕਿ ਤੂੰ ਧਰਮਿੰਦਰ ਦੇ ਰੂਪ ਵਾਂਗ ਖ਼ੂਬਸੂਰਤ ਨਹੀਂ ਬਣਾਇਆ।ਸਾਹਨੇਵਾਲ ਤੋਂ ਆਪਣਾ ਮੁੱਢਲਾ ਜੀਵਨ ਸ਼ੁਰੂ ਕਰਨ ਵਾਲੇ ਧਰਮਿੰਦਰ ਨੇ ਬਿਮਲ ਰਾਏ ਅਤੇ ਗੁਰੂ ਦੱਤ ਵਲੋਂ ਫਿਲਮਫੇਅਰ ਵਿੱਚ ਇੱਕ ਫ਼ਿਲਮ ਲਈ ਦਿੱਤੇ ਇੱਕ ਇਸ਼ਤਿਹਾਰ ਤੋਂ ਪ੍ਰਭਾਵਿਤ ਹੋ ਕੇ



ਮੁੰਬਈ ਪਹੁੰਚ ਕੇ ਇੱਕ ਨਹੀਂ ਦੋ ਨਹੀਂ ਬਲਕਿ ਸੈਂਕੜੇ ਸੁਪਰਪ੍ਰਸਿੱਧ ਫਿਲਮਾਂ ਦੇ ਕੇ ਭਾਰਤੀ ਸਿਨੇਮਾ ਵਿਚ ਆਪਣੇ ਨਾਂ ਦੀ ਇੱਕ ਵੱਖਰੀ ਧਾਂਕ ਜਮਾਂਈ ਜੋ ਪੰਜਾਬੀਆਂ ਦਾ ਹੀ ਨਹੀਂ ਬਲਕਿ ਪੂਰੀ ਦੁਨੀਆ ਦਾ ਹਰਮਨ ਪਿਆਰਾ ਕਲਾਕਾਰ ਅਦਾਕਾਰ ਸਾਬਤ ਹੋਇਆ। ਅਰਜੁਨ ਹਿੰਗੋਰਾਨੀ ਦੀ ਫਿਲਮ ਦਿਲ ਭੀ ਤੇਰਾ ਹਮ ਵੀ, ਭੀ ਤੇਰੇ ਤੋਂ ਲੈ ਕੇ ਅਣਗਿਣਤ ਫ਼ਿਲਮਾਂ ਜਿਵੇਂ ਕਿ:-ਦਿਲ ਨੇ ਫਿਰ ਯਾਦ ਕੀਆ,ਫੂਲ ਔਰ ਪੱਥਰ,ਹਸੀਨ ਮੈਂ ਜਵਾਨ, ਜੁਗਨੂੰ, ਦੋਸਤ, ਚਰਸ, ਮਾਂ, ਚਾਚਾ ਭਤੀਜਾ, ਆਜ਼ਾਦ , ਹਕੂਮਤ, ਆਏ ਹੀ ਆਖ, ਗੰਗਾ ਤੇਰੇ ਦੇਸ਼ ਮੇਂ, ਵਤਨ ਕੇ ਰਖਵਾਲੇ, ਸ਼ਹਿਜ਼ਾਦੇ, ਮੁਰਦੋਂ ਵਾਲੀ ਬਾਤ, ਜ਼ਲਜ਼ਲਾ, ਤਹਿਲਕਾ, ਵਿਰੋਧੀ, ਕਹੋਰਾਮ, ਸਮਾਧੀ , ਕ੍ਰੋਧੀ, ਪਿਆਰ ਕਾ ਕਰਜ਼, ਤਾਕਤ, ਖੁੱਲੇਆਮ, ਨਾਕਾਬੰਦੀ ਵਰਦੀ, ਮਰਦ ਕੀ ਜ਼ੁਬਾਨ, ਲੋਹਾ, ਫ਼ਰਿਸ਼ਤੇ, ਐਲਾਨੇ-ਏ-ਜੰਗ,ਜਾਨ ਹਥੇਲੀ ਪੇ,ਜਾਗੀਰ, ਸਲਤਨਤ ,ਯਮਲਾ ਪਗਲਾ ਦੀਵਾਨਾ 1ਅਤੇ 2, ਧਰਮਵੀਰ, ਚਰਸ, ਅਜ਼ਾਦ, ਕਾਤਲੋਂ ਕੇ ਕਾਤਿਲ, ਗਜ਼ਬ, ਕਹਾਣੀ ਕਿਸਮਤ ਕੀ, ਖੇਲ ਖਿਲਾੜੀ ਕਾ, ਰਾਜਪੂਤ, ਜਾਨੀ ਦੋਸਤ, ਧਰਮ ਔਰ ਕਾਨੂੰਨ, ਮੈ ਇੰਤਕਾਮ ਲੂੰਗਾ, ਜੀਨ ਨਹੀਂ ਦੂੰਗਾ, ਰਾਮ ਬਲਰਾਮ ,ਮੇਰਾ ਗਾਉਂ ਮੇਰਾ ਦੇਸ਼ ਅਤੇ ਸ਼ੋਲੇ ਵਰਗੀਆਂ ਹੋਰ ਵੀ ਬਹੁਤ ਸਾਰੀਆਂ ਹਿੰਦੀ ਫਿਲਮਾਂ। ਹਿੰਦੀ ਫ਼ਿਲਮਾਂ ਤੋਂ ਇਲਾਵਾਂ ਧਰਮਿੰਦਰ ਨੇ ਪੰਜਾਬੀ ਫ਼ਿਲਮਾਂ ਚ ਵੀ ਅਭਿਨੈ ਕੀਤਾ ਜਿਵੇਂ ਕਿ:-ਦੋ ਸ਼ੇਰ,ਦੁਖ ਭੰਜਨ ਤੇਰਾ ਨਾਮ, ਤੇਰੀ ਮੇਰੀ ਇੱਕ ਜਿੰਦੜੀ ,ਪੁੱਤ ਜੱਟਾਂ ਦੇ ਅਤੇ ਕੁਰਬਾਨੀ ਜੱਟ ਦੀ ਵਰਗੀਆਂ ਆਦਿ ਫਿਲਮਾਂ। ਵੱਖ-ਵੱਖ ਡਾਇਰੈਕਟਰਾਂ ਅਤੇ ਐਕਟਰਸਾਂ ਨਾਲ ਕੰਮ ਕਰਨ ਵਾਲੇ ਧਰਮਿੰਦਰ ਨੇ ਆਪਣੀ ਦੋਵੇਂ ਪਤਨੀਆਂ ਪ੍ਰਕਾਸ਼ ਕੌਰ ਅਤੇ ਹੇਮਾ ਮਾਲਿਨੀ ਦੇ ਬੱਚਿਆਂ ਨੂੰ ਫਿਲਮਾਂ ਵਿਚ ਪ੍ਰਸਿੱਧੀ ਦਿਵਾਈ ਜੋ ਫਿਲਮੀ ਜਗਤ ਵਿਚ ਅੱਜ ਆਪਣੀ ਪਹਿਚਾਣ ਆਪ ਰੱਖਦੇ ਹਨ। ਸੈਂਕੜੇ ਫਿਲਮਾਂ ਅਤੇ ਪਦਮ ਭੂਸ਼ਣ ਵਰਗੇ ਅਨੇਕਾਂ ਐਵਾਰਡ ਪ੍ਰਾਪਤ ਕਰਨ ਵਾਲੇ ਸਾਡੇ ਹਿੰਦੀ ਫ਼ਿਲਮਾਂ ਦੇ ਹੀਮੈਨ ਨੂੰ ਦੁਨੀਆਵੀ ਲੋਕਾਂ ਨੇ ਦੋ ਵਾਰ ਮ੍ਰਿਤਕ ਘੋਸ਼ਿਤ ਕਰ ਦਿੱਤਾ ਪਹਿਲਾਂ ਉਸਨੂੰ 2004 ਵਿੱਚ ਅਤੇ ਹੁਣ 2025 ਵਿਚ ਚ 89 ਸਾਲ ਦੀ ਉਮਰ ਚ ਸਾਰਿਆਂ ਨੇ ਉਸ ਨੂੰ੍ਪ ਲਿਖਕੇ ਸ਼ਰਧਾਂਜਲੀ ਦਿੱਤੀ ਜਿਸ ਨੇ ਉਸਦੀ ਉਮਰ ਦੇ ਦਰਾਜ਼ ਨੂੰ ਹੋਰ ਵੜਵਾਂ ਦਿੱਤਾ।ਰੱਬ ਦਾ ਬਣਿਆ ਧਰਮਿੰਦਰ ਸ਼ਾਇਦ ਦੁਨੀਆ ਦਾ ਪਹਿਲਾ ਇੱਕ ਇਹ ਅਜਿਹਾ ਕਲਾਕਾਰ ਜੀਵ ਜਿਸਨੇ ਆਪਣੀ ਜ਼ਿੰਦਗੀ ਚ ਦੋ ਵਾਰ ਮੌਤ ਨੂੰ ਮਾਣਿਆ। ਫ਼ਿਲਮੀ ਪਰਦੇ ਤੇ ਜ਼ਿੰਦਗੀ ਅਤੇ ਮੌਤ ਦਾ ਖੇਲ ਖੇਡਣ ਵਾਲਾ ਖਤਰੋਂ ਕਾ ਖਿਲਾੜੀ ਐਲਾਨੇ -ਏ- ਜੰਗ ਕਰਦਾ ਹੋਇਆ ਅੱਜ 89 ਸਾਲ ਦੀ ਉਮਰ ਵਿੱਚ ਜ਼ਿੰਦਗੀ ਦੀ ਜੰਗ ਹਾਰ ਗਿਆ । ਧਰਮਿੰਦਰ ਭਾਵੇਂ ਸਰੀਰਕ ਤੌਰ ਤੇ ਇਸ ਫ਼ਾਨੀ ਸੰਸਾਰ ਤੋਂ ਸਦਾ ਲਈ ਰੁਖਸਤ ਹੋ ਗਿਆ ਪਰ ਉਹ ਆਪਣੀਆਂ ਤਮਾਮ ਫਿਲਮਾਂ ਚ ਨਿਭਾਵੇ ਅਹਿਮ ਕਿਰਦਾਰਾਂ ਦੇ ਸਕਦੇ ਹਮੇਸ਼ਾ ਹੀ ਭਾਰਤੀਆਂ ਦੇ ਦਿਲਾਂ ਵਿਚ ਵਸਦਾ ਰਹੇਗਾ।

**ਸਰੂਪ ਸਿੰਘ, ਚੌਧਰੀ**
**ਮਾਜਰਾ (ਨਾਭਾ)**
**99886-27880**

# ਬਿਹਤਰ ਗਾਹਕ ਸੇਵਾ

ਵੀਹ ਵਰ੍ਹੇ ਪਹਿਲਾਂ ਮੇਰੀ ਬੈਂਕ ਵਿੱਚ ਤਰੱਕੀ ਹੋਈ ਤੇ ਮੈਨੂੰ ਫ਼ਿਰ ਘਰੋਂ ਬਾਹਰ ਜਾਣਾ ਪਿਆ, ਬੜੀ ਜਦੋਂ ਜਹਿਦ ਤੋਂ ਬਾਦ ਲੁਧਿਆਣਾ ਮੇਨ ਬ੍ਰਾਂਚ ਵਿੱਚ ਮਿਲ ਗਈ। ਬ੍ਰਾਂਚ ਬਹੁਤ ਵੱਡੀ ਸੀ ਅਤੇ 87 ਸਟਾਫ਼ ਮੈਂਬਰ ਬ੍ਰਾਂਚ ਵਿੱਚ ਕੰਮ ਕਰਦੇ ਸੀ। ਬ੍ਰਾਂਚ ਦੇ ਮੁਖੀ ਸਹਾਇਕ ਜਨਰਲ ਮੈਨੇਜਰ ਸਨ। ਮੈਨੂੰ ਬ੍ਰਾਂਚ ਵਿੱਚ ਸਰਕਾਰੀ ਕਾਰੋਬਾਰ ਸੀਟ ਦਾ ਇੰਚਾਰਜ ਲਗਾਇਆ ਗਿਆ। ਇਹ ਸੀਟ ਬ੍ਰਾਂਚ ਦੀ ਭਾਰੀ ਸੀਟਾਂ ਵਿੱਚੋਂ ਇੱਕ ਸੀ। ਮੇਰੀ ਸੀਟ ਦੇ ਕੰਮ ਦੇ ਨਾਲ ਚਾਰ ਕਲਰਕ ਸਨ। ਇਸ ਸੀਟ ਤੇ ਜੋਂ ਵੀ ਲਗਾਇਆ ਜਾਂਦਾ ਸੀ ਉਹ ਸੀਟ ਤੇ ਲੱਗਣ ਤੋਂ ਕੁੱਝ ਦਿਨ ਬਾਅਦ ਸੀਟ ਬਦਲਣ ਦੀ ਕੋਸ਼ਿਸ਼ ਸ਼ੁਰੂ ਕਰ ਦੇਂਦਾ ਸੀ ਤੇ ਉਸ ਨੂੰ ਇਹ ਭਰੋਸਾ ਦਿੱਤਾ ਜਾਂਦਾ ਸੀ ਕਿ ਤੁਸੀਂ ਕੁੱਝ ਦਿਨ ਇਸ ਸੀਟ ਤੇ ਕੰਮ ਕਰੋ ਜਦੋਂ ਕੋਈ ਹੋਰ ਅਫ਼ਸਰ ਬ੍ਰਾਂਚ ਵਿੱਚ ਜੁਆਇੰਨ ਕਰੇਗਾਂ ਤਾਂ ਉਸ ਨੂੰ ਇਸ ਸੀਟ ਤੇ ਲਗਾ ਕੇ ਤੂਹਾਨੂੰ ਕਿਸੀ ਹੋਰ ਸੀਟ ਤੇ ਲਗਾ ਦੇਵਾਂਗੇ। ਉਸ ਸੀਟ ਤੇ ਅਫ਼ਸਰ ਅਕਸਰ ਤਿੰਨ - ਚਾਰ ਮਹੀਨੇ ਹੀ ਰਹਿੰਦਾ ਸੀ। ਮੈਂ ਉਸ ਸੀਟ ਤੇ ਤਿੰਨ ਵਰ੍ਹੇ ਅਤੇ ਚਾਰ ਮਹੀਨੇ ਕੰਮ ਕੀਤਾ। ਮੈਂ ਉਸ ਸੀਟ ਤੇ ਬਹੁਤ ਕੰਮ ਕੀਤਾ ਤੇ ਨਾਮ ਕਮਾਇਆ ਅਤੇ ਬਹੁਤ ਮਾਣ, ਅਸ਼ੀਰਵਾਦਾਂ ਪ੍ਰਾਪਤ ਕੀਤੀਆ।

ਸ਼ੁਰੂ ਦੇ ਦਿਨਾਂ ਵਿੱਚ, ਇੱਕ ਦਿਨ ਖੇਤਰੀ ਪ੍ਰਬੰਧਕ ਦਫ਼ਤਰ ਤੋਂ ਇਕ ਸਟਾਫ਼ ਮੈਂਬਰ ਆਇਆ ਅਤੇ ਉਸ ਨੇ ਪੀ. ਪੀ.ਐਫ. ਖਾਤੇ ਦੇ ਇੱਕ ਮ੍ਰਿਤਕ ਖਾਤੇ ਦੇ ਨਿਪਟਾਰੇ ਦਾ ਕੇਸ ਦਿੱਤਾ ਅਤੇ ਕਿਹਾ ਕਿ ਖ਼ੇਤਰੀ ਪ੍ਰਬੰਧਕ ਸਾਹਿਬ ਨੇ ਭੇਜਿਆ ਹੈ। ਖੇਤਰੀ ਪ੍ਰਬੰਧਕ ਦਾ ਦਫ਼ਤਰ ਵੀ ਉਸੀ ਬਿਲਡਿੰਗ ਵਿੱਚ ਸੀ। ਮੈਂ ਮ੍ਰਿਤਕ ਖਾਤੇ ਦਾ ਰਿਕਾਰਡ ਤੇ ਸਾਰੇ ਕਾਗਜ਼ਾਂ ਦੀ ਜਾਂਚ ਪੜਤਾਲ ਕੀਤੀ ਉਹ ਪੂਰੇ ਸਨ। ਉਨ੍ਹਾਂ ਵਿੱਚ ਕਈ ਕਾਗਜ਼ਾਂ/ਦਸਤਾਵੇਜ਼ਾ ਤੇ ਬੈਂਕ ਦੀ ਸੀਟ ਦੇ ਅਫ਼ਸਰ ਨੂੰ ਅਸਲੀ ਨਾਲ ਮਿਲਾ ਕੇ ਪੁਸ਼ਟੀ ਕਰ ਕੇ ਉਸ ਤੇ ਮੋਹਰ ਲਗਾ ਕੇ ਅਧਿਕਾਰਤ ਦਸਤਖ਼ਤ ਕਰਨੇ ਹੁੰਦੇ ਹਨ। ਇਸ ਕੇਸ ਵਿੱਚ ਖ਼ੇਤਰੀ ਪ੍ਰਬੰਧਕ ਸਾਹਿਬ ਨੇ ਉਨ੍ਹਾਂ ਸਾਰੇ ਜ਼ਰੂਰੀ ਕਾਗਜ਼ਾਂ/ਦਸਤਾਵੇਜ਼ਾ ਤੇ ਅਸਲੀ ਨਾਲ ਮਿਲਾ ਕੇ ਪੁਸ਼ਟੀ ਕਰ ਕੇ ਉਸ ਤੇ ਮੋਹਰ ਲਗਾ ਕੇ ਖੁਦ ਅਧਿਕਾਰਤ ਦਸਤਖ਼ਤ ਕਰਕੇ ਭੇਜੇਂ ਸਨ। ਮੈਂ ਉਸ ਦਾ ਚੀਫ਼ ਮੈਨੇਜਰ ਦੇ ਨਾਮ ਤੇ ਨੋਟ ਬਣਾਇਆ ਤੇ ਉਸ ਤੇ ਸਿਫ਼ਾਰਿਸ਼ ਵਾਲੇ ਕਾਲਮ ਤੇ ਹਸਤਾਖ਼ਰ ਕਰਕੇ ਰਜਿਸਟਰ ਵਿੱਚ ਚੜ੍ਹਾ ਕੇ ਚੀਫ਼ ਮੈਨੇਜਰ ਕੋਲ ਲੈ ਗਿਆ। ਉਨ੍ਹਾਂ ਨੇ ਚੈਕ ਕਰਕੇ ਪਾਸ ਕਰ ਦਿੱਤਾ। ਉਹ ਪਾਸ ਕੇਸ ਮੈਂ ਕਲਰਕ ਨੂੰ ਦਿੱਤਾ ਉਸ ਨੇ ਖਾਤਾ ਬੰਦ ਕਰ ਕੇ ਮੈਨੂੰ ਦਿੱਤਾ ਤੇ ਮੈਂ ਉਸ ਨੂੰ ਪਾਸ ਕਰਕੇ ਨਾਮਜ਼ਦ ਵਿਅਕਤੀ



ਦੇ ਨਾਮ ਤੇ ਬੈਂਕਰ ਚੈੱਕ ਬਣਵਾਇਆ।

ਮੈਂ ਬੈਂਕਰ ਚੈੱਕ ਨੂੰ ਲੈ ਕੇ ਖ਼ੇਤਰੀ ਪ੍ਰਬੰਧਕ ਸਾਹਿਬ ਨੂੰ ਦੇਣ ਲਈ ਗਿਆ। ਮੈਂ ਉਨ੍ਹਾਂ ਦੇ ਕੈਬਿਨ ਦਾ ਬੂਹਾ ਖੋਲ੍ਹਿਆ ਤੇ ਦੇਖਿਆ ਕਿ ਅੰਦਰ ਸ਼ਾਖਾ ਪ੍ਰਬੰਧਕਾਂ ਦੀ ਮਹੀਨਾਵਾਰ ਕਾਰਗੁਜ਼ਾਰੀ ਸਮੀਖਿਆ ਮੀਟਿੰਗ (ਪੀ-ਰੀਵਿਊ ਮੀਟਿੰਗ) ਚਲ ਰਹੀ ਸੀ। ਮੈਂ ਬੂਹਾ ਬੰਦ ਕਰ ਕੇ ਵਾਪਿਸ ਹੋਇਆ ਤੇ ਬਾਹਰ ਬੈਠੇ ਮੈਨੇਜਰ ਨੂੰ ਬੈਂਕਰ ਚੈੱਕ ਦੇ ਦਿੱਤਾ ਤੇ ਕਿਹਾ ਕਿ ਬੈਂਕਰ ਚੈੱਕ ਸਾਹਿਬ ਨੂੰ ਦੇ ਦੇਣਾ ਤੇ ਮੈਂ ਵਾਪਿਸ ਆਪਣੀ ਸੀਟ ਵੱਲ ਚੱਲ ਪਿਆ। ਅੰਦਰੋ ਇਕ ਸ਼ਾਖਾ ਪ੍ਰਬੰਧਕ ਨੇ ਬਾਹਰ ਆ ਕੇ ਮੈਨੂੰ ਪਿੱਛੋਂ ਆਵਾਜ਼ ਮਾਰੀ, ਸਰ ਤੂਹਾਨੂੰ ਸਾਹਿਬ ਬੁਲਾ ਰਹੇ ਨੇ।

ਇਹ ਖ਼ੇਤਰੀ ਪ੍ਰਬੰਧਕ (ਸਹਾਇਕ ਮਹਾ ਪ੍ਰਬੰਧਕ) ਮੇਰੇ ਕੰਟਰੋਲਰ ਨਹੀਂ ਸਨ। ਮੇਰੀ ਬ੍ਰਾਂਚ ਦੇ ਮੁਖੀ ਖ਼ੇਤਰੀ ਪ੍ਰਬੰਧਕ ਦਰਜੇ (ਰੈਂਕ) ਦੇ ਅਫ਼ਸਰ ਸਨ ਤੇ ਮੇਰੇ ਕੰਟਰੋਲਰ ਉਪ ਮਹਾ ਪ੍ਰਬੰਧਕ ਸਨ। ਕਹਿਣ ਤੋਂ ਭਾਵ ਕਿ ਮੈਂ ਤੇ ਖ਼ੇਤਰੀ ਪ੍ਰਬੰਧਕ ਅਸੀਂ ਇੱਕ ਦੂਜੇ ਨੂੰ ਪਹਿਲੇ ਤੋਂ ਜਾਣਦੇ ਪਹਿਚਾਣਦੇ ਨਹੀਂ ਸੀ, ਇਹ ਉਨ੍ਹਾਂ ਨਾਲ ਮੇਰੀ ਪਹਿਲੀ ਮੁਲਾਕਾਤ ਸੀ। ਮੈਂ ਉਨ੍ਹਾਂ ਦੇ ਕੈਬਿਨ ਵਿੱਚ ਜਾ ਕੇ ਨਮਸਕਾਰ ਕੀਤੀ। ਉਨ੍ਹਾਂ ਨੇ ਮੈਨੂੰ ਬੈਠਣ ਲਈ ਕਿਹਾ, ਇਕ ਸ਼ਾਖਾ ਪ੍ਰਬੰਧਕ ਨੇ ਮੇਰੇ ਲਈ ਸੀਟ ਖਾਲੀ ਕਰ ਦਿੱਤੀ ਪ੍ਰੰਤੂ ਏਨੇ ਵੱਡੇ ਅਫ਼ਸਰ ਦੇ ਸਾਮ੍ਹਣੇ ਬੈਠਣ ਦੀ ਮੇਰੀ ਹਿੰਮਤ ਨਹੀਂ ਹੋਈ ਮੈਂ ਖੜ੍ਹਾ ਹੀ ਰਿਹਾ। ਉਨ੍ਹਾਂ ਨੇ ਮੈਨੂੰ ਆਣ ਦਾ ਮਨੋਰਥ ਪੁੱਛਿਆ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਮੇਨ ਬ੍ਰਾਂਚ ਦੀ ਸਰਕਾਰੀ ਕਾਰੋਬਾਰ ਸੀਟ ਦਾ ਇੰਚਾਰਜ ਅਫ਼ਸਰ ਹਾਂ। ਤੁਸੀਂ ਪੀ. ਪੀ. ਐਫ. ਦੇ ਇੱਕ ਮ੍ਰਿਤਕ ਖਾਤੇ ਨੂੰ ਬੰਦ ਕਰਨ ਲਈ ਭੇਜਿਆ ਸੀ, ਉਸ ਨੂੰ ਬੰਦ ਕਰ ਕੇ ਉਸ ਦਾ ਬੈਂਕਰ ਚੈਕ ਦੇਣ ਆਇਆ ਹਾਂ, ਮੈਂ ਚੈਕ ਬਾਹਰ ਮੈਨੇਜਰ ਨੂੰ ਦੇ ਗਿਆ ਸੀ ਹੁਣੇ ਬਾਹਰੋਂ ਲਿਆ ਦੇਂਦਾ ਹਾਂ। ਉਨ੍ਹਾਂ ਨੇ ਘੰਟੀ ਵਜਾਈ ਤੇ ਚਪੜਾਸੀ ਉਸੀ ਸਮੇਂ ਅੰਦਰ ਆ ਗਿਆ ਤੇ ਸਾਹਿਬ ਨੇ ਉਸ ਨੂੰ ਬਾਹਰੋਂ ਚੈਕ ਲਿਆਣ ਲਈ ਕਿਹਾ ਤੇ ਮੈਨੂੰ ਕੁਰਸੀ ਤੇ ਬਿਠਾ ਦਿੱਤਾ। ਚੈਕ ਖ਼ੇਤਰੀ ਪ੍ਰਬੰਧਕ ਸਾਹਿਬ ਦੇ ਹੱਥ ਵਿੱਚ ਆ ਗਿਆ। ਉਨ੍ਹਾਂ ਸਭ ਤੋਂ ਪਹਿਲਾ ਖਾਤੇ ਵਾਲਿਆ ਨੂੰ ਫੋਨ ਕੀਤਾ ਤੇ ਫੋਨ ਤੇ ਕਿਹਾ ਨਾਹਰ ਸਾਹਿਬ ਤੁਹਾਡੇ ਦੁਆਰਾ ਅੱਜ ਦਿੱਤਾ ਮ੍ਰਿਤਕ ਖਾਤਾ ਬੰਦ ਹੋ ਗਿਆ ਹੈ ਤੇ ਤੁਹਾਡੇ ਨਾਮ ਤੇ ਚੈਕ ਆ ਗਿਆ ਹੈ। ਅੱਗੋਂ ਨਾਹਰ ਸਾਹਿਬ ਦਾ ਜਵਾਬ ਆਇਆ ਮੈਂ ਅਜੇ ਰਸਤੇ ਵਿੱਚ ਹੀ ਹਾਂ ਤੇ ਚੈਕ ਆ ਵੀ ਗਿਆ ਇਹ ਤਾਂ ਬਹੁਤ ਵਧੀਆ ਤੇ ਤੇਜ ਗਾਹਕ ਸੇਵਾ ਹੈ।

ਖ਼ੇਤਰੀ ਪ੍ਰਬੰਧਕ ਸਾਹਿਬ ਸੀਟ ਤੋਂ ਖੜ੍ਹੇ ਹੋ ਗਏ ਤੇ ਚੈਕ ਦਿਖਾਂਦੇ ਹੋਏ ਕਹਿਣ ਲੱਗੇ ਕਿ ਇਸ ਅਫ਼ਸਰ ਨੇ ਬਹੁਤ ਹੀ ਥੋੜ੍ਹੇ ਜਿਹੇ ਸਮੇਂ ਵਿੱਚ ਮ੍ਰਿਤਕ ਖਾਤੇ ਨੂੰ ਬੰਦ ਕਰ ਕੇ ਬਹੁਤ ਹੀ ਵਧੀਆ ਗਾਹਕ ਸੇਵਾ ਕਰ ਕੇ ਦਿਖਾਈ ਹੈ। ਉਨ੍ਹਾਂ ਦੱਸਿਆ ਕਿ ਅਸੀਂ ਪੀ ਰੀਵਿਊ ਮੀਟਿੰਗ ਵਿੱਚ ਪ੍ਰਾਈਵੇਟ ਤੇ ਦੂਜੇ ਬੈਂਕਾਂ ਤੋਂ ਚੁਣੌਤੀਆਂ, ਮੁਕਾਬਲਾ ਅਤੇ ਬਿਹਤਰ ਗਾਹਕ ਸੇਵਾਵਾਂ ਤੇ ਹੀ ਵਿਚਾਰ ਕਰ ਰਹੇ ਸੀ। ਸਾਡੇ ਸਾਮ੍ਹਣੇ ਇਸ ਅਫ਼ਸਰ ਦੀ ਬਿਹਤਰ ਗਾਹਕ ਸੇਵਾ ਦੀ ਬਹੁਤ ਵਧੀਆ ਉਦਾਹਰਣ ਪੇਸ਼, ਹੈ, ਸਾਡਾ ਬੈਂਕ ਇੱਕ ਨੰਬਰ ਤੇ ਹੈ ਤੇ ਇੱਕ ਨੰਬਰ ਤੇ ਹੀ ਰਹੇ ਗਾ। ਉਨ੍ਹਾਂ ਨੇ ਮੇਰਾ ਨਾਮ ਤੇ ਮੋਬਾਈਲ ਨੰਬਰ ਆਪਣੀ ਡਾਇਰੀ ਵਿੱਚ ਲਿਖ ਲਿਆ ਤੇ ਕਿਹਾ ਮੈਨੂੰ ਕਦੇ ਵੀ ਮਿਲ ਸਕਦੇ ਹੋ। ਉਸ ਸਮੇਂ ਸਾਰਿਆ ਦੇ ਸਾਮ੍ਹਣੇ ਰਿਫਰੈਸ਼ਮੈਂਟ ਪਈ ਹੋਈ ਸੀ। ਖ਼ੇਤਰੀ ਪ੍ਰਬੰਧਕ ਸਾਹਿਬ ਨੇ ਆਪਣੀ ਰਿਫਰੈਸ਼ਮੈਂਟ ਮੈਨੂੰ ਦੇ ਦਿੱਤੀ ਤੇ ਕਿਹਾ ਖਾ ਕੇ ਜਾਓ। ਮੈਂ ਉਨ੍ਹਾਂ ਨੂੰ ਕਿਹਾ ਮੈਂ ਆਪਣੇ ਕਲਰਕਾ ਨਾਲ ਵੰਡ ਕੇ ਖਾਵਾ ਗਾਂ। ਮੈਂ ਆਪਣੀ ਸੀਟ ਤੇ ਆ ਕੇ ਆਪਣੇ ਕਲਰਕਾ ਨੂੰ ਬੁਲਾਇਆ ਤੇ ਅਸੀਂ ਸਭ ਨੇ ਮਿਲ ਕੇ ਉਹ ਰਿਫਰੈਸ਼ਮੈਂਟ ਖਾਦੀ।



**ਲੇਖਕ: ਜਸਵੰਤ ਸਿੰਘ**
**9996650048**

# ''ਅਲਵਿਦਾ ਧਰਮ ਭਾਜੀ''



ਫਿਲਮ ਜਗਤ ਅਤੇ ਉਨ੍ਹਾਂ ਦੇ ਪ੍ਰਸ਼ੰਸਕਾਂ ਨੂੰ 24 ਨਵੰਬਰ 2025 ਨੂੰ ਬਹੁਤ ਵੱਡਾ ਘਾਟਾ ਪਿਆ, ਜਦੋਂ ਹੀ-ਮੈਨ ਵਜੋਂ ਜਾਣੇ ਜਾਂਦੇ ਧਰਮਿੰਦਰ ਸਿੰਘ ਦਿਓਲ ਇਸ ਦੁਨੀਆ ਨੂੰ ਅਲਵਿਦਾ ਆਖ ਗਏ। ਬਾਲੀਵੁੱਡ ਦੇ ਸੁਪਰਸਟਾਰ ਧਰਮਿੰਦਰ ਦਾ 89 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ, ਜਿਸ ਨਾਲ ਉਨ੍ਹਾਂ ਦੇ ਪ੍ਰਸ਼ੰਸਕਾਂ ਵੱਲੋਂ ਸ਼ਰਧਾਂਜਲੀਆਂ ਦਿੱਤੀਆਂ ਜਾ ਰਹੀਆਂ ਹਨ। ਕਾਫੀ ਲੰਮੇ ਅਰਸੇ ਤੋਂ ਉਹ ਬਾਲੀਵੁੱਡ ਵਿੱਚ ਸਰਗਰਮ ਸਨ, ਜਿਸ ਦੌਰਾਨ ਉਨ੍ਹਾਂ ਨੇ ਕਈ ਸੁਪਰਹਿੱਟ ਫਿਲਮਾਂ ਦਿੱਤੀਆਂ ਹਨ। ਧਰਮਿੰਦਰ ਸਿੰਘ ਦਿਓਲ ਨੂੰ ਲੋਕੀ ਪਿਆਰ ਨਾਲ ਧਰਮ ਭਾਜੀ ਕਹਿਕੇ ਬੁਲਾਉਂਦੇ ਸਨ ਜੇਕਰ ਉਨ੍ਹਾਂ ਦੇ ਜੀਵਨ ਤੇ ਝਾਤ ਮਾਰੀਏ ਤਾਂ ਪਤਾ ਚਲਦਾ ਹੈ ਕਿ ਇਸ ਹਿੰਦੀ ਫ਼ਿਲਮਾਂ ਦੇ ਮਸ਼ਹੂਰ ਅਦਾਕਾਰ ਧਰਮਿੰਦਰ ਦਾ ਅਸਲੀ ਨਾਂ ਧਰਮਿੰਦਰ ਸਿੰਘ ਦਿਓਲ ਹੈ ਅਤੇ ਉਨ੍ਹਾਂ ਦਾ ਜਨਮ 8 ਦਸੰਬਰ, 1935 ਨੂੰ ਲੁਧਿਆਣਾ ਜ਼ਿਲੇ ਦੇ ਇੱਕ ਪਿੰਡ, ਨਸਰਾਲੀ ਵਿਖੇ ਪਿਤਾ ਕੇਵਲ ਕ੍ਰਿਸ਼ਨ ਸਿੰਘ ਦਿਓਲ ਅਤੇ ਮਾਤਾ ਸਤਵੰਤ ਕੌਰ ਦੇ ਘਰ ਹੋਇਆ। ਉਨ੍ਹਾਂ ਦਾ ਜੱਦੀ ਪਿੰਡ ਡਾਂਗੋਂ, ਪੱਖੋਵਾਲ, ਲੁਧਿਆਣਾ ਦੇ ਨੇੜੇ ਹੈ। ਇੱਕ ਸਧਾਰਨ ਪਰਿਵਾਰ ਵਿੱਚ ਵੱਡੇ ਹੋਏ ਧਰਮਿੰਦਰ ਬਚਪਨ ਤੋਂ ਹੀ ਫਿਲਮਾਂ ਦੇਖਣ ਦੇ ਸ਼ੌਕੀਨ ਸੀ ਅਤੇ ਉਨ੍ਹਾਂ ਦੇ ਦਿਲ ਵਿੱਚ ਅਦਾਕਾਰ ਬਣਨ ਦਾ ਸੁਪਨਾ ਅਤੇ ਜਨੂੰਨ ਵੀ ਸੀ । ਉਨ੍ਹਾਂ ਨੇ ਆਪਣਾ ਮੁੱਢਲਾ ਜੀਵਨ ਸਾਹ-ਨੇਵਾਲ ਪਿੰਡ ਵਿੱਚ ਬਿਤਾਇਆ ਅਤੇ ਉਹ ਲੁਧਿਆਣਾ ਦੇ ਲਾਲਟਨ ਕਲਾਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਪੜੇ ਜਿੱਥੇ ਉਨ੍ਹਾਂ ਦੇ ਪਿਤਾ ਪਿੰਡ ਦੇ ਸਕੂਲ ਦੇ ਮੁਖੀ ਸਨ। ਉਨ੍ਹਾਂ ਨੇ 1952 ਵਿੱਚ ਫਗਵਾੜਾ ਦੇ ਰਾਮਗੜ੍ਹੀਆ ਕਾਲਜ ਤੋਂ ਆਪਣੀ ਇੰਟਰਮਿਡੀਏਟ ਕੀਤੀ। ਕਹਿਦੇ ਹਨ ਕਿ ਧਰਮ ਭਾਜੀ ਨੂੰ ਬਚਪਨ ਤੋਂ ਹੀ ਫ਼ਿਲਮਾਂ ਦੇਖਣ ਦਾ ਸ਼ੌਕ ਸੀ ਅਤੇ ਉਹ ਫਿਲਮ ਦੇਖਣ ਲਈ ਕਈ ਕਿਲੋਮੀਟਰ ਪੈਦਲ ਹੀ ਚਲੇ ਜਾਂਦੇ ਸਨ ਇੱਕ ਵਾਰ ਜਦੋਂ ਧਰਮਿੰਦਰ ਨੇ ਬਿਮਲ ਰਾਏ ਅਤੇ ਗੁਰੂ ਦੱਤ ਦੁਆਰਾ ਫਿਲਮਫੇਅਰ ਮੈਗਜ਼ੀਨ ਵਿੱਚ ਫ਼ਿਲਮ ਲਈ ਇੱਕ ਇਸ਼ਤਿਹਾਰ ਦੇਖਿਆ ਤਾਂ ਉਨ੍ਹਾਂ ਆਪਣਾ ਬਾਇਓ ਡਾਟਾ ਭੇਜ ਦਿੱਤਾ ਜਿਸ ਲਈ ਉਨ੍ਹਾਂ ਨੂੰ ਆਪਣੀ ਤਸਵੀਰ ਖਿਚਵਾਉਂਣ ਲਈ ਮਲੇਰਕੋਟਲਾ ਵੀ ਜਾਣਾ ਪਿਆ। ਸਾਲ 1958 ਵਿੱਚ ਉਨ੍ਹਾਂ ਨੇ 'ਫਿਲਮਫੇਅਰ' ਮੈਗਜ਼ੀਨ ਦੇ 'ਟੇਲੈਂਟ ਹੰਟ' ਮੁਕਾਬਲੇ ਵਿੱਚ ਹਿੱਸਾ ਲਿਆ ਅਤੇ ਇਸ ਨੂੰ ਜਿੱਤ ਲਿਆ। ਇਸ ਮੁਕਾਬਲੇ ਨੇ ਹੀ ਉਨ੍ਹਾਂ ਦੀ ਕਿਸਮਤ ਦੇ ਦਰਵਾਜ਼ੇ ਖੋਲ੍ਹ ਦਿੱਤੇ। ਧਰਮਿੰਦਰ ਨੇ ਆਪਣੇ ਫ਼ਿਲਮੀ ਕਰੀਅਰ ਦੀ ਸ਼ੁਰੂਆਤ 1960 ਵਿੱਚ ਫ਼ਿਲਮ 'ਦਿਲ ਬੀ ਤੇਰਾ ਹਮ ਬੀ ਤੇਰੇ' ਨਾਲ ਕੀਤੀ ਸੀ। ਉਨ੍ਹਾਂ ਨੇ ਸੂਰਤ ਔਰ ਸੀਰਤ (1962), ਬੰਧਨੀ (1963), ਦਿਲ ਨੇ ਫਿਰ ਯਾਦ ਕੀਆ (1966) ਅਤੇ ਦੁਲਹਨ ਏਕ ਰਾਤ ਕੀ (1967) ਵਿੱਚ ਨੂਤਨ ਨਾਲ ਕੰਮ ਕੀਤਾ ਅਤੇ ਅਨਪੜ੍ਹ (1962) ਵਿੱਚ ਮਲਾ ਸਿਨਹਾ, ਪੂਜਾ ਕੇ ਫੂਲ (1964) ਵਿੱਚ ਕੰਮ ਕੀਤਾ ਅਤੇ ਬਹਾਰੇਂ ਫਿਰ ਭੀ ਆਏਂਗੀ, ਅਤੇ ਆਇ ਮਿਲਨ ਕੀ ਬੇਲਾ (1964) ਵਿੱਚ ਸਾਇਰਾ ਬਾਨੋ ਦੇ ਨਾਲ ਅਤੇ ਮੀਨ ਕੁਮਾਰੀ ਨੇ ਮੈਂ ਭੀ ਲੜਕੀ ਹੂ (1964), ਕਾਜਲ (1965), ਪੂਰਿਮਾ (1965) ਅਤੇ ਫੂਲ ਔਰ ਪਥਰ (1966). ਉਹ ਫੂਲ ਔਰ ਪਥਰ (1966) ਵਿੱਚ ਇਕੋ ਸੀਨੀਅਰ ਭੂਮਿਕਾ ਨਿਭਾਅ ਰਹੇ ਸਨ, ਜੋ ਕਿ ਉਨ੍ਹਾਂ ਦੀ ਪਹਿਲੀ ਐਕਸ਼ਨ ਫਿਲਮ ਸੀ। ਇਹ ਵੀ ਚਰਚਾਵਾਂ ਰਹੀਆਂ ਕਿ ਮੀਨਾ ਕੁਮਾਰੀ ਅਤੇ ਧਰਮਿੰਦਰ ਦੀ 1960 ਦੇ ਦਹਾਕੇ ਵਿੱਚ ਗੂੜ੍ਹੇ ਰਿਸ਼ਤੇ ਸਨ, । ਫੂਲ ਔਰ ਪਥਰ 1966 ਦੀ ਸਭ ਤੋਂ ਉੱਚੀ ਫਿਲਮ ਬਣ ਗਈ ਅਤੇ ਧਰਮਿੰਦਰ ਨੂੰ ਸਭ ਤੋਂ ਵਧੀਆ ਅਭਿਨੇਤਾ ਲਈ ਪਹਿਲਾ ਫਿਲਮਫੇਅਰ ਨਾਮਜ਼ਦ ਕੀਤਾ ਗਿਆ। ਅਨੁਪਮਾ ਵਿੱਚ ਉਨ੍ਹਾਂ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ ਗਈ। 1971 ਦੀ ਫ਼ਿਲਮ ਮੇਰਾ ਗਾਉਂ ਮੇਰਾ ਦੇਸ਼ ਵਿੱਚ ਐਕਸ਼ਨ ਨਾਇਕ ਦੀ ਭੂਮਿਕਾ ਲਈ ਉਨ੍ਹਾਂ ਨੂੰ ਇੱਕ ਫਿਲਮਫੇਅਰ ਸਰਬੋਤਮ ਅਭਿਨੇਤਾ ਨਾਮਜ਼ਦਗੀ ਪ੍ਰਾਪਤ ਹੋਈ ਜਿਸ ਵਿੱਚ ਉਨ੍ਹਾਂ ਨੇ ਰੋਮਾਂਟਿਕ ਅਤੇ ਐਕਸ਼ਨ ਹੀਰੋ ਦੇ ਰੂਪਾਂ ਵਿੱਚ ਭੂਮਿਕਾ ਨਿਭਾਈ ਸੀ, ਉਨ੍ਹਾਂ ਨੂੰ 1975 ਤੱਕ ਇੱਕ ਬਹੁਮੁਖੀ ਅਭਿਨੇਤਾ ਵੀ ਕਿਹਾ ਜਾਂਦਾ ਰਿਹਾ। ਉਨ੍ਹਾਂ ਦੀ ਕਾਮੇਡੀ ਫਿਲਮਾਂ ਜਿਵੇਂ ਕਿ ਤੁਮ ਹਸੀਨ ਮੈਂ ਜਵਾਨ, ਦੋ ਚੋਰ, ਚੁਪਕੇ ਚੁਪਕੇ, ਦਿਲਲਗੀ ਅਤੇ ਨੌਕਰ ਬੀਵੀ ਕਾ ਦੀ ਸ਼ਲਾਘਾ ਕੀਤੀ ਗਈ ਸੀ। ਉਨ੍ਹਾਂ ਦੀ ਸਭ ਤੋਂ ਸਫਲ ਜੋੜੀ ਹੇਮਾ ਮਾਲਿਨੀ ਦੇ ਨਾਲ ਸੀ, ਜੋ ਬਾਅਦ ਵਿੱਚ ਉਨ੍ਹਾਂ ਦੀ ਪਤਨੀ ਬਣ ਗਏ ਸਨ। ਇਸ ਜੋੜੇ ਨੇ ਰਾਜਾ ਜਾਨੀ, ਸੀਤਾ ਅਤੇ ਗੀਤਾ, ਸ਼ਰਾਫਤ, ਨਵਾਂ ਜ਼ਮਾਨਾ, ਪੱਥਰ ਔਰ ਪਾਇਲ, ਤੁਮ ਹਸੀਨ ਮੈਂ ਜਵਾਨ, ਜੁਗਨੂੰ, ਦੋਸਤ, ਚਰਸ, ਮਾਤਾ, ਚਾਚਾ ਭਤੀਜਾ, ਆਜ਼ਾਦ ਅਤੇ ਸ਼ੋਲੇ ਸਮੇਤ ਕਈ ਫਿਲਮਾਂ ਵਿੱਚ ਇਕੱਠੇ ਕੰਮ ਕੀਤਾ। ਧਰਮਿੰਦਰ ਦਾ ਪਹਿਲਾ ਵਿਆਹ ਪ੍ਰਕਾਸ਼ ਕੌਰ ਨਾਲ 1954 ਵਿੱਚ 19 ਸਾਲ ਦੀ ਉਮਰ ਵਿੱਚ ਹੋਇਆ ਸੀ। ਉਨ੍ਹਾਂ ਦੇ ਪਹਿਲੇ ਵਿਆਹ ਤੋਂ ਉਨ੍ਹਾਂ ਦੇ ਦੋ ਪੁੱਤਰ ਸੰਨੀ ਅਤੇ ਬੌਬੀ, ਦਿਓਲ ਸਫਲ ਅਭਿਨੇਤਾ ਹਨ ਅਤੇ ਦੋ ਲੜਕੀਆਂ ਵਿਜੇਤਾ ਅਤੇ ਅਜੀਤਾ ਵੀ ਆਪਣੇ ਆਪਣੇ ਕਰੀਅਰ ਵਿੱਚ ਸਫਲ ਹਨ। ਉਸ ਦੇ ਚਾਰ ਪੋਤਰੇ ਹਨ। ਸਾਲ 1980 ਵਿੱਚ ਉਨ੍ਹਾਂ ਨੇ ਬਾਲੀਵੁੱਡ ਦੀ 'ਡ੍ਰੀਮ ਗਰਲ' ਅਦਾਕਾਰਾ ਹੇਮਾ ਮਾਲਿਨੀ ਨਾਲ ਵਿਆਹ ਕੀਤਾ। ਇਸ ਵਿਆਹ ਤੋਂ ਉਨ੍ਹਾਂ ਦੀਆਂ ਦੋ ਧੀਆਂ ਹਨ ਅਦਾਕਾਰਾ ਇਸਾ ਦਿਓਲ ਅਤੇ ਅਹਾਨਾ ਦਿਓਲ। ਧਰਮਿੰਦਰ ਰਾਜਨੀਤੀ ਵਿੱਚ ਵੀ ਸਰਗਰਮ ਰਹੇ 2004 ਦੀਆਂ ਆਮ ਚੋਣਾਂ ਵਿੱਚ ਉਹ ਰਾਜਸਥਾਨ ਦੇ ਬੀਕਾਨੇਰ ਤੋਂ ਭਾਰਤੀ ਜਨਤਾ ਪਾਰਟੀ ਦੇ ਟਿਕਟ 'ਤੇ ਸੰਸਦ ਦੇ ਮੈਂਬਰ ਚੁਣੇ ਗਏ ਸਨ ਲੇਕਿਨ ਇਸ ਤੋਂ ਬਾਅਦ ਉਨ੍ਹਾਂ ਨੇ ਰਾਜਨੀਤੀ ਤੋਂ ਸਨਿਆਸ ਲੈ ਲਿਆ। ਧਰਮ ਭਾਜੀ ਨੂੰ ਅਨੇਕਾਂ ਹੀ ਸਨਮਾਨ ਅਤੇ ਇਨਾਮ ਮਿਲੇ ਜਿਨ੍ਹਾਂ ਚੋਂ 2012 ਚ ਉਨ੍ਹਾਂ ਨੂੰ ਮਹੱਤਵਪੂਰਨ ਸਨਮਾਨ ਪਦਮ ਭੂਸ਼ਣ, ਮਿਲਿਆ ਜਿਸ ਨੂੰ ਭਾਰਤ ਸਰਕਾਰ ਦਾ ਤੀਜਾ ਸਭ ਤੋਂ ਉੱਚਾ ਨਾਗਰਿਕ ਸਨਮਾਨ ਮੰਨਿਆ ਗਿਆ ਹੈ। ਧਰਮ ਭਾਜੀ ਬਾਰੇ ਕਿਹਾ ਜਾਂਦਾ ਹੈ ਕਿ ਜਦੋਂ ਵੀ ਕੋਈ ਪੰਜਾਬੀ ਉਨ੍ਹਾਂ ਨੂੰ ਬੰਬਈ ਮਿਲਣ ਲਈ ਜਾਂਦਾ ਸੀ ਤਾਂ ਉਹ ਆਪਣਿਆਂ ਵਾਂਗ ਉਨ੍ਹਾਂ ਦੀ ਖ਼ਾਤਰਦਾਰੀ ਕਰਦੇ ਸਨ। ਉਨ੍ਹਾਂ ਨੇ ਆਪਣੀ ਮਿਹਨਤ ਸਦਕਾ ਆਪਣੀ ਅਦਾਕਾਰੀ ਅਤੇ ਕਲਾਕਾਰੀ ਦਾ ਲੋਹਾ ਮਨਵਾਇਆ। ਖੁੱਲੇ ਸੁਭਾਅ ਵਜੋਂ ਜਾਣੇ ਜਾਂਦੇ ਧਰਮ ਭਾਜੀ ਨੂੰ ਅੱਜ ਉਨ੍ਹਾਂ ਦੇ ਪ੍ਰਸ਼ੰਸਕਾਂ ਵਲੋਂ ਸ਼ਰਧਾਂਜਲੀ ਭੇਟ ਕੀਤੀ ਜਾ ਰਹੀ ਹੈ।



**ਕੁਲਦੀਪ ਸਿੰਘ ਸਾਹਿਲ**
**9417990040**

# ਦਰਬਾਰ ਸ਼ਿਵ ਸ਼ਕਤੀ ਮੰਦਿਰ ਪਿੰਡ ਅਹਿਰਾਣਾ ਖੁਰਦ ਕਰਵਾਇਆ ਗਿਆ ਸਾਲਾਨਾ ਭੰਡਾਰਾ ਤੇ ਸੱਭਿਆਚਾਰਕ ਮੇਲਾ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮੇਲੇ ਦੀ ਅਗਵਾਈ ਹਮੇਸ਼ਾ ਕਰਦੇ ਗੱਦੀ ਨਸ਼ੀਨ ਸੰਤ ਸੁਲਿੰਦਰ ਪਾਲ ਅਤੇ ਦਰਬਾਰ ਮੁਖ ਸੇਵਾਦਾਰ ਬੀਬੀ ਬਲਵਿੰਦਰ ਕੌਰ ਜੀ ਮੇਲੇ ਵਿੱਚ ਪੁਹੰਚੇ ਸੂਫ਼ੀ ਗਾਇਕ ਪਰਵੇਜ਼ ਆਲਮ ਅਤੇ ਪੰਜਾਬੀ ਗਾਇਕ ਅਮਰੀਕ ਮਾਈਕਲ ਅਤੇ ਅਲੇਕ੍ਸ ਕੋਟੀ ਦੋਗਾਨਾ ਜੋੜੀ ਗਿੱਲ ਬਲਕਾਰ ਸਤਿੰਦਰ ਗਿੱਲ ਸੂਫ਼ੀ ਗਾਇਕਾ ਲਵਿਸ਼ ਚੋਹਾਨ ,ਹਮੇਸ਼ ਅਘੋਰੀਆ ,ਨਵਾਬ ਗਿੱਲ ਗਾਇਕ ਜੋੜੀ ਅਮਰੀਕ ਬਲ ਮਨਜੀਤ ਸੋਨੀਆ



,ਜੀਤਾ ਪਵਾਰ ,ਚਨੀ ਗਿੱਲ ,ਗਾਇਕ ਜੋੜੀ ਧੀਰਾ ਸਿੱਧੂ ਚਾਂਦਨੀ ਸਿਤਾਰਾ ਸਟੇਜ ਸੈਕਟਰੀ ਦੀ ਸੇਵਾ ਨਿਭਾਈ ਸਾਬੀ ਬਰਾੜ ਅਤੇ ਨਿਰਮਲ ਨਿੱਕਾ ਗਾਇਕ ਰਾਜਿੰਦਰ ਰਾਜਨ ,ਰਵੀ ਸਹੋਤਾ ,ਸਨੀ ਜਲੰਧਰੀ ,ਓਮ ਜੀਤ ਓਮੀ ,ਸੁਰਜੀਤ ਬਾਲੂ ਇਹ ਸਾਰੇ ਕਲਾਕਰਾਂ ਨੇ ਗਾ ਕੇ ਹਾਜ਼ਰੀ ਲਗਵਾਈ ਅਤੇ ਅਲੱਗ ਅੱਲਗ ਦਰਬਾਰਾ ਤੋਂ ਪੁਹੰਚੇ ਸੰਤ ਮਹਾਪੁਰਸ਼ ਫ਼ਕੀਰ ਲੋਕ ਤੇ ਮੇਲੇ ਵਿੱਚ ਬਾਬਾ ਜੀ ਦਾ ਅਟੁੱਟ ਲੰਗਰ ਵੀ ਵਰਤਾਇਆ ਗਿਆ ਅਤੇ ਮੇਲੇ ਵਿੱਚ ਇਲਾਕੇ ਦੀਆਂ ਸੰਗਤਾਂ ਅਤੇ ਐਨ ਆਰ ਆਈ ਪਰਿਵਾਰਾਂ ਨੇ ਦਿਤਾ ਸਹਿਯੋਗ ਅਤੇ ਸੰਤ ਬਾਬਾ ਸੁਲਿੰਦਰ ਪਾਲ ਜੀ ਨੇ ਕੀਤਾ ਸਾਰਿਆ ਦਾ ਧੰਨਵਾਦ।

# ਅਦਾਲਤ ਦੀ ਦੁਨੀਆ ਦਾ ਗਲਪਕਾਰ ਮਿੱਤਰ ਸੈਨ ਮੀਤ


ਮਿੱਤਰ ਸੈਨ ਮੀਤ

ਮਨੁੱਖ ਨੂੰ ਹਮੇਸ਼ਾ ਹੀ ਕੁਝ ਨਾ ਕੁਝ ਨਵਾਂ ਜਾਣਨ ਦੀ ਤੀਬਰ ਇੱਛਾ ਰਹੀ ਹੈ। ਜੇ ਪੜ੍ਹਨ ਪੜ੍ਹਾਉਣ ਦੀ ਗੱਲ ਕਰੀਏ ਤਾਂ ਪੰਜਾਬੀ ਪਾਠਕ ਵੀ ਅਜਿਹੀ ਜਾਣਕਾਰੀ ਤੋਂ ਮੁਤਾਸਿਰ ਹੁੰਦਾ ਰਿਹਾ ਹੈ। ਅਜਿਹੀ ਜਾਣਕਾਰੀ ਵਾਲੀਆਂ ਪੁਸਤਕਾਂ, ਚਾਹੇ ਕਿਸੇ ਵਿਧਾ ਦੀਆਂ ਵੀ ਹੋਣ, ਅੱਜ ਵੀ ਪਾਠਕਾਂ ਦੀ ਪਹਿਲੀ ਪਸੰਦ ਹਨ। ਸੰਤੋਸ਼ ਵਾਲੀ ਗੱਲ ਇਹ ਹੈ ਕਿ ਪੰਜਾਬੀ ਸਾਹਿਤ ਵਿਚ ਇਸ ਤਰ੍ਹਾਂ ਦੇ ਸਾਹਿਤ ਦੀ ਸਿਰਜਣਾ ਕਰਨ ਵਾਲੇ ਲੇਖਕ ਹਨ। ਇਹਨਾਂ ਲੇਖਕਾਂ ਦੀ ਢਾਣੀ ਵਿਚ ਇਕ ਨਾਂ ਮਿੱਤਰ ਸੈਨ ਮੀਤ ਦਾ ਵੀ ਸ਼ਾਮਲ ਹੈ।

ਮਿੱਤਰ ਸੈਨ ਦਾ ਜਨਮ 20 ਅਕਤੂਬਰ,1952 ਵਿਚ ਬਰਨਾਲਾ ਜ਼ਿਲ੍ਹੇ ਦੇ ਪਿੰਡ ਭੋਤਨਾ ਵਿਖੇ ਮਾਤਾ ਸ਼ਾਂਤੀ ਦੇਵੀ ਅਤੇ ਪਿਤਾ ਸਹਿਜ ਰਾਮ ਗੁਪਤਾ ਦੇ ਘਰ ਹੋਇਆ। ਪਿਤਾ ਜੀ ਪਟਵਾਰ ਦੀ ਨੌਕਰੀ ਕਰਦੇ ਸਨ। ਉਹਨਾਂ ਦਿਨਾਂ ਵਿਚ ਆਵਾਜਾਈ ਦੀਆਂ ਅੱਜ ਵਰਗੀਆਂ ਸਹੂਲਤਾਂ ਨਹੀਂ ਸਨ। ਇਸ ਲਈ ਜਿੱਥੇ ਵੀ ਪਿਤਾ ਦੀ ਬਦਲੀ ਹੋ ਜਾਂਦੀ ਪਰਿਵਾਰ ਨੂੰ ਵੀ ਨਾਲ ਹੀ ਲਿਜਾਣਾ ਪੈਂਦਾ ਸੀ।

ਮੁਢਲੀ ਸਿੱਖਿਆ ਦੌਰਾਨ ਮਿੱਤਰ ਸੈਨ ਨੂੰ ਪਹਿਲਾਂ ਪਿੰਡ ਕਾਲੇਕੇ ਤੇ ਫਿਰ ਫਰਵਾਹੀ ਪੜ੍ਹਨਾ ਪਿਆ। ਸਾਲ 1963 ਵਿਚ ਪਰਿਵਾਰ ਨੇ ਪੱਕੀ ਰਿਹਾਇਸ਼ ਬਰਨਾਲਾ ਵਿਖੇ ਕਰ ਲਈ। ਮਿੱਤਰ ਸੈਨ ਨੇ ਦਸਵੀਂ ਜਮਾਤ ਸਰਕਾਰੀ ਹਾਈ ਸਕੂਲ ਬਰਨਾਲਾ ਤੋਂ ਪਾਸ ਕੀਤੀ। ਮਿੱਤਰ ਸੈਨ ਪੜ੍ਹਨ ਵਿਚ ਮੁੱਢ ਤੋਂ ਹੀ ਹੁਸ਼ਿਆਰ ਸੀ। ਇਹੀ ਕਾਰਨ ਹੈ ਕਿ ਉਸ ਨੇ ਐੱਸ. ਡੀ. ਕਾਲਜ ਬਰਨਾਲਾ ਤੋਂ ਬੀ. ਏ. ਆਨਰਜ਼ ਗਣਿਤ ਵਿਚ ਪਾਸ ਕੀਤੀ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਜਿੱਤਿਆ। ਉਸ ਨੇ ਐਲ. ਐਲ. ਬੀ. ਦੀ ਡਿਗਰੀ ਇਸੇ ਯੂਨੀਵਰਸਿਟੀ ਵਿਚੋਂ ਦੂਜੇ ਸਥਾਨ ਤੇ ਰਹਿ ਕੇ ਪ੍ਰਾਪਤ ਕੀਤੀ ਤੇ ਰਾਸ਼ਟਰੀ ਸ਼ਕਾਲਰਸ਼ਿਪ ਆਪਣੇ ਨਾਂ ਕੀਤਾ।

1979 ਵਿਚ ਮਿੱਤਰ ਸੈਨ ਦੀ ਨਿਯੁਕਤੀ ਸਰਕਾਰੀ ਵਕੀਲ ਦੇ ਤੌਰ ਤੇ ਹੋਈ। ਵੱਖ ਵੱਖ ਅਦਾਲਤਾਂ ਵਿਚ ਸੇਵਾ ਨਿਭਾਉਂਦਿਆਂ ਉਸ ਨੇ ਡਿਸਟ੍ਰਿਕਟ ਅਟਾਰਨੀ ਦਾ ਅਹੁਦਾ ਪ੍ਰਾਪਤ ਕੀਤਾ ਤੇ 31 ਅਕਤੂਬਰ, 2011 ਨੂੰ ਇਸ ਅਹੁਦੇ ਤੋਂ ਸੇਵਾ ਮੁਕਤ ਹੋਇਆ।

ਦਸਵੀਂ ਜਮਾਤ ਵਿਚ ਪੜ੍ਹਦਿਆਂ ਹੀ ਮਿੱਤਰ ਸੈਨ ਦੀ ਰੁਚੀ ਕਹਾਣੀਆਂ ਲਿਖਣ ਵੱਲ ਹੋ ਗਈ ਸੀ। 1968 ਵਿਚ ਉਸ ਦੀਆਂ ਦੋ ਕਹਾਣੀਆਂ, ਨਵਤੇਜ ਸਿੰਘ ਦੀ ਸੰਪਾਦਨਾ ਹੇਠ ਛਪਦੇ 'ਬਾਲ ਸੰਦੇਸ਼' ਵਿਚ ਪ੍ਰਕਾਸ਼ਿਤ ਹੋਈਆਂ ਤੇ ਉਹ ਮਿੱਤਰ ਸੈਨ ਤੋਂ ਮਿੱਤਰ ਸੈਨ ਮੀਤ ਬਣ ਗਿਆ।

ਗਣਿਤ ਵਰਗੇ ਔਖੇ ਵਿਸ਼ੇ ਦੀ ਪੜ੍ਹਾਈ ਕਰਦਿਆਂ ਹੋਇਆਂ ਵੀ, ਉਹ ਕਾਲਜ ਵਿੱਚ ਲਿਖਣ ਪ੍ਰਕਿਰਿਆ ਨਾਲੋਂ ਨਹੀਂ ਸੀ ਟੁੱਟਿਆ। ਕਾਲਜ ਦੀ ਪੜ੍ਹਾਈ ਦੌਰਾਨ 19 ਸਾਲ ਦੀ ਉਮਰ ਵਿਚ ਉਸ ਨੇ ਨਾਵਲ 'ਅੱਗ ਦੇ ਬੀਜ ' ਲਿਖ ਕੇ ਸਾਹਿਤਕਾਰਾਂ ਨੂੰ ਹੈਰਾਨ ਕਰ ਦਿੱਤਾ ਸੀ। ਇਹ ਨਾਵਲ ਗੁਰਸ਼ਰਨ ਸਿੰਘ ਭਾਅ ਦੀ ਨਿਰਦੇਸ਼ਨਾਂ ਹੇਠ ਕੰਮ ਕਰਦੇ 'ਬਲਰਾਜ ਸਾਹਨੀ ਪ੍ਰਕਾਸ਼ਨ' ਦੁਆਰਾ ਛਾਪਿਆ ਗਿਆ ਸੀ। ਇਸ ਨਾਵਲ ਦੀ ਪ੍ਰਕਾਸ਼ਨਾ ਨਾਲ ਮਿੱਤਰ ਸੈਨ ਮੀਤ ਬਰਨਾਲਾ ਵਿਚ ਸਭ ਤੋਂ ਛੋਟੀ ਉਮਰ ਦਾ ਨਾਵਲਕਾਰ ਬਣ ਗਿਆ ਸੀ। 1973 ਵਿਚ ਉਸ ਨੇ ਨਾਵਲ 'ਕਾਫ਼ਲਾ' ਲਿਖਿਆ ਜੋ 1986 ਵਿਚ ਪ੍ਰਕਾਸ਼ਿਤ ਹੋਇਆ। ਇਹਨਾਂ ਨਾਵਲਾਂ ਦੀ ਸਿਰਜਣਾ ਤੋਂ ਬਾਅਦ ਉਹ ਫਿਰ ਕਹਾਣੀਆਂ ਲਿਖਣ ਵੱਲ ਪਰਤਿਆ ਤੇ ਉਸ ਦੇ ਦੋ ਕਹਾਣੀ-ਸੰਗ੍ਰਹਿ 'ਪੁਨਰਵਾਸ', 'ਲਾਮ' ਅਤੇ 'ਠੋਸ ਸਬੂਤ' ਪ੍ਰਕਾਸ਼ਿਤ ਹੋਏ।

ਇਹਨਾਂ ਪੁਸਤਕਾਂ 'ਤੇ ਹੋਈਆਂ ਗੋਸ਼ਟੀਆਂ ਤੋਂ ਮਿੱਤਰ ਸੈਨ ਮੀਤ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ। ਉਸ ਨੇ ਸੰਸਾਰ ਪ੍ਰਸਿੱਧ ਰਚਨਾਵਾਂ ਦਾ ਅਧਿਐਨ ਕੀਤਾ। ਜਿਥੇ ਉਸ ਨੂੰ ਨਾਟਕਕਾਰ ਗੁਰਸ਼ਰਨ ਸਿੰਘ ਦੀ ਵਿਚਾਰਧਾਰਾ ਨੇ ਪ੍ਰਭਾਵਿਤ ਕੀਤਾ ਉੱਥੇ ਮੈਕਸਿਮ ਗੋਰਕੀ ਦੇ ਨਾਵਲ ਮਾਂ ਅਤੇ ਹੋਰ ਰਚਨਾਵਾਂ ਤੋਂ ਵੀ ਸੇਧ ਮਿਲੀ। ਹੈਮਿੰਗਵੇ ਦੇ ਨਾਵਲ ਓਲਡ ਮੈਂਨ ਐਂਡ ਦੀ ਸੀ ਨੇ, ਉਸ ਨੂੰ ਲੇਖਕ ਦੇ ਦ੍ਰਿਸ਼ਟੀਬੱਧ ਹੋਣ ਦੀ ਨਿਰਦੇਸ਼ਨਾਂ ਮਿਲੀ।

ਇਹਨਾਂ ਪੁਸਤਕਾਂ ਦੇ ਅਧਿਐਨ ਤੋਂ ਬਾਅਦ ਮਿੱਤਰ ਸੈਨ ਮੀਤ ਜਾਣ ਗਿਆ ਸੀ ਕਿ ਕੋਈ ਵੀ ਲੇਖਕ, ਜੇ ਆਪਣੇ ਅਨੁਭਵ ਤੋਂ ਬਾਹਰ ਜਾ ਕੇ ਰਚਨਾ ਕਰੇਗਾ ਤਾਂ ਰਚਨਾ ਨਾਲ ਇਨਸਾਫ ਨਹੀਂ ਕਰ ਸਕੇਗਾ। ਸਰਕਾਰੀ ਵਕੀਲ ਹੋਣ ਕਰਕੇ ਮਿੱਤਰ ਸੈਨ ਮੀਤ ਕੋਲ ਥਾਣੇ, ਅਦਾਲਤ ਤੇ ਜ਼ੇਲ ਦੀ ਦੁਨੀਆ ਬਾਰੇ ਉਹ ਜਾਣਕਾਰੀ ਸੀ ਜੋ ਦੂਜੇ ਵਕੀਲਾਂ ਕੋਲ ਨਹੀਂ ਹੁੰਦੀ। ਦੂਜੀ ਅਹਿਮ ਗੱਲ ਇਹ ਕਿ ਪੰਜਾਬੀ ਸਾਹਿਤ ਵਿਚ ਇਸ ਵਿਸ਼ੇ ਬਾਰੇ ਲਿਖਿਆ ਵੀ ਨਹੀਂ ਸੀ ਗਿਆ। ਮਿੱਤਰ ਸੈਨ ਮੀਤ ਜਾਣਦਾ ਸੀ ਕਿ ਭਾਵੇਂ ਆਮ ਬੰਦਾ ਥਾਣੇ ਕਚਹਿਰੀਆਂ ਦੇ ਚੱਕਰ ਵਿਚ ਪੈਣ ਤੋਂ ਡਰਦਾ ਰਹਿੰਦਾ ਹੈ ਪਰ ਉਹ  ਇਸ ਦੁਨੀਆ ਬਾਰੇ ਜ਼ਰੂਰ ਜਾਣਨਾ ਚਾਹੁੰਦਾ ਹੈ। ਮੀਤ ਨੇ ਅਗਲੀਆਂ ਰਚਨਾਵਾਂ ਪ੍ਰੋਜੈਕਟ ਬਣਾਕੇ ਲਿਖਣ ਦਾ ਫ਼ੈਸਲਾ ਕੀਤਾ। ਇਸ ਪ੍ਰੋਜੈਕਟ ਦੀ ਲੜੀ ਵਿਚ ਥਾਣਾ ਅਦਾਲਤ ਅਤੇ ਜ਼ੇਲ ਦੇ ਮੁੱਖ ਪੜਾ ਸਨ। ਇਹਨਾਂ ਪੜਾਵਾਂ ਵਿਚ ਗੁਜ਼ਰਦੀ  ਪ੍ਰਕਿਰਿਆ ਨੂੰ ਕਈ ਵਾਰ ਰਾਜਨੀਤੀ ਵੀ ਪ੍ਰਭਾਵਿਤ ਕਰਦੀ ਹੈ। ਸਮਾਜ ਵਿਚ ਲੁੱਟ ਖੋਹ, ਮਾਰ ਧਾੜ  ਕਤਲ ਅਤੇ ਹੋਰ ਜੁਰਮ ਦੀ ਵਾਪਰੀ ਘਟਨਾ ਬਾਰੇ ਅਗਲੇਰੀ ਕਾਰਵਾਈ ਦਾ ਮੁੱਢ ਥਾਣੇ ਤੋਂ ਆਰੰਭ ਹੁੰਦਾ ਹੈ। ਮਿੱਤਰ ਸੈਨ ਮੀਤ ਨੇ ਇਹਨਾਂ ਪੜਾਵਾਂ ਅਨੁਸਾਰ ਰਚਨਾਵਾਂ ਲਿਖਣ ਦਾ ਫ਼ੈਸਲਾ ਕੀਤਾ।

ਉਹਨਾਂ ਦਿਨਾਂ ਵਿਚ ਪੰਜਾਬ ਦੇ ਇਕ ਸ਼ਹਿਰ ਵਿਚ ਦਿਲ ਕੰਬਾਊ ਘਟਨਾ ਵਾਪਰ ਗਈ। ਫਿਰੌਤੀ ਲਈ ਇਕ ਬੱਚੇ ਨੂੰ ਪਹਿਲਾਂ ਅਗਵਾਹ ਕੀਤਾ ਗਿਆ ਤੇ ਫਿਰ ਕਤਲ ਵੀ ਕਰ ਦਿੱਤਾ ਗਿਆ। ਇਸ ਘਟਨਾ ਕ੍ਰਮ ਨੂੰ ਕੇਂਦਰ ਵਿਚ ਰੱਖ ਕੇ ਮਿੱਤਰ ਸੈਨ ਮੀਤ ਨੇ 1990 ਵਿਚ ਨਾਵਲ 'ਤਫ਼ਤੀਸ਼' ਦੀ ਸਿਰਜਣਾ ਕੀਤੀ। ਇਸ ਨਾਵਲ ਦੇ ਪ੍ਰਕਾਸ਼ਿਤ ਹੁੰਦਿਆਂ ਹੀ ਮਿੱਤਰ ਸੈਨ ਮੀਤ ਦਾ ਨਾਂ ਚਰਚਾ ਵਿਚ ਆ ਗਿਆ। ਪੰਜਾਬੀ ਸਾਹਿਤ ਵਿਚ ਇਹ ਨਵਾਂ ਤਜਰਬਾ ਸੀ। ਇਸ ਨੇ ਪਾਠਕਾਂ ਦੇ ਸਾਹਮਣੇ ਪੁਲੀਸ ਤੰਤਰ ਦੀ ਅੰਦਰਲੀ ਪ੍ਰਕਿਰਿਆ ਨੂੰ ਖੋਲ ਕੇ ਰੱਖ ਦਿੱਤਾ ਸੀ। ਆਮ ਪਾਠਕ ਤੋਂ ਲੈ ਕੇ ਕਹਿੰਦੇ-ਕਹਾਉਂਦੇ ਆਲੋਚਕਾਂ ਤੱਕ ਦਾ ਧਿਆਨ ਇਸ ਨਾਵਲ ਨੇ ਖਿੱਚਿਆ।ਇਸ ਨਾਵਲ ਦੇ ਹੁਣ ਤੱਕ ਚਾਰ ਸੰਸਕਰਣ ਪ੍ਰਕਾਸ਼ਿਤ ਹੋ ਚੁੱਕੇ ਹਨ।ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਨੇ, ਇਸ ਨੂੰ ਆਪਣੇ  ਪੰਜਾਬੀ ਵਿਸ਼ੇ ਦੇ ਐਮ ਏ ਦੇ ਪਾਠ-ਕ੍ਰਮ ਦਾ ਹਿੱਸਾ ਬਣਵਾਇਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਪਿਛਲੇ ਸੱਤ ਸਾਲਾਂ ਤੋਂ ਇਸ ਨਾਵਲ ਨੂੰ ਬੀ ਏ ਦੇ ਪਾਠ ਕ੍ਰਮ ਵਿਚ ਸ਼ਾਮਲ ਕੀਤਾ ਹੋਇਆ ਹੈ।

ਅਦਾਲਤੀ ਦੁਨੀਆ ਨਾਲ ਸਬੰਧਤ ਮਿੱਤਰ ਸੈਨ ਮੀਤ ਦਾ ਦੂਜਾ ਨਾਵਲ 'ਕਟਹਿਰਾ' 1993 ਵਿਚ ਪ੍ਰਕਾਸ਼ਿਤ ਹੋਇਆ। ਅਦਾਲਤ ਵਿਚ ਗਵਾਹਾਂ ਅਤੇ ਵਕੀਲਾਂ ਦੀ ਕੀ ਭੂਮਿਕਾ ਹੁੰਦੀ ਹੈ ?,ਕਿਵੇਂ ਸੱਚ ਝੂਠ ਵਿਚ ਤੇ ਝੂਠ ਸੱਚ ਵਿਚ ਬਦਲ ਜਾਂਦਾ ਹੈ ? ਬਾਰੇ ਪਾਠਕਾਂ ਨੂੰ ਜਾਣਕਾਰੀ ਇਸ ਨਾਵਲ ਵਿਚੋਂ ਮਿਲ ਜਾਂਦੀ ਹੈ।

ਇਸੇ ਲੜੀ ਵਿਚ ਜ਼ੇਲ ਪ੍ਰਬੰਧ ਨੂੰ ਆਧਾਰ ਬਣਾਕੇ ਉਸਨੇ 2006 ਵਿਚ ਨਾਵਲ 'ਸੁਧਾਰ ਘਰ' ਦੀ ਸਿਰਜਣਾ ਕੀਤੀ। ਕੀ ਸਾਡੀਆਂ ਜ਼ੇਲਾਂ ਸੱਚਮੁੱਚ ਹੀ ਸੁਧਾਰ ਘਰਾਂ ਵਿਚ ਬਦਲੀਆਂ ਹਨ ਜਾਂ ਫਿਰ ਸੱਚਾਈ ਕੁਝ ਹੋਰ ਹੈ ? ਇਹ ਨਾਵਲ ਪਾਠਕਾਂ ਨੂੰ ਇਹਨਾਂ ਦੇ  ਪ੍ਰਬੰਧ ਤੋਂ ਜਾਣੂੰ ਕਰਵਾਉਂਦਾ ਹੈ। ਇਸੇ ਤਰ੍ਹਾਂ ਮੀਤ ਨੇ ਸਾਡੀ ਨਿਆਂ ਪ੍ਰਣਾਲੀ ਦੀਆਂ ਖ਼ਾਮੀਆਂ ਨੂੰ ਉਜਾਗਰ ਕਰਦਾ ਨਾਵਲ 'ਕੌਰਵ ਸਭਾ' ਲਿਖਿਆ। ਇਸ ਨਾਵਲ ਨੂੰ ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਬਿਨਾਂ ਕੁਰੂਕਸ਼ੇਤਰ ਯੂਨੀਵਰਸਿਟੀ ਅਤੇ ਦਿੱਲੀ ਯੂਨੀਵਰਸਿਟੀ ਨੇ ਆਪਣੇ ਐਮ ਏ ਪੰਜਾਬੀ ਦੇ ਪਾਠ ਕ੍ਰਮ ਵਿੱਚ ਲਗਾਇਆ ਹੋਇਆ ਹੈ।

ਪੰਜਾਬੀ ਸਾਹਿਤ ਵਿਚ ਇਹ ਗੱਲ ਪਹਿਲੀ ਵਾਰ ਦੇਖਣ ਨੂੰ ਮਿਲੀ ਕਿ ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਪੰਜਾਬ ਦੇ ਪੁਲੀਸ ਵਿਭਾਗ ਨੇ ਵਿਸ਼ੇਸ਼ ਰੁਚੀ ਲਈ। ਹਰਿਆਣਾ ਪੁਲੀਸ ਅਕਾਦਮੀ ਨੇ ਉਸ ਦੇ ਤਿੰਨ ਨਾਵਲ ਤਫ਼ਤੀਸ਼, ਕਟਹਿਰਾ ਅਤੇ ਸੁਧਾਰ ਘਰ ਨੂੰ ਇਕੋ ਜ਼ਿਲਦ ਵਿਚ ਛਾਪ ਕੇ 'ਰਾਮ ਰਾਜਿਆ' ਨਾਂ ਹੇਠ ਪ੍ਰਕਾਸ਼ਿਤ ਕਰਵਾਇਆ। ਇਸੇ ਤਰ੍ਹਾਂ ਨੈਸ਼ਨਲ ਪੁਲੀਸ ਅਕਾਦਮੀ ਹੈਦਰਾਬਾਦ ਨੇ 'ਕੌਰਵ ਸਭਾ' ਨਾਵਲ ਨੂੰ ਪ੍ਰਕਾਸ਼ਿਤ ਕਰਵਾਇਆ। ਦੇਸ਼ ਦੇ ਪੁਲੀਸ ਵਿਭਾਗ ਅਤੇ ਇਸ ਦੀਆਂ ਹੋਰ ਸ਼ਾਖ਼ਾਵਾਂ ਵਿਚ ਕੰਮ ਕਰਦੇ ਛੋਟੇ ਤੋਂ ਲੈ ਕੇ ਵੱਡੇ ਕਰਮਚਾਰੀਆਂ ਨੇ ਮੀਤ ਦੀਆਂ ਰਚਨਾਵਾਂ ਨੂੰ ਦਿਲਚਸਪੀ ਨਾਲ ਪੜ੍ਹਿਆ। ਉਸ ਦੇ ਨਾਵਲਾਂ 'ਤੇ ਵੱਖ ਵੱਖ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੇ ਸਮੇਂ ਸਮੇਂ ਸ਼ੋਧ ਕਾਰਜ ਕੀਤੇ ਹਨ ਤੇ ਅੱਜ ਵੀ ਕਰ ਰਹੇ ਹਨ।

ਭਾਰਤੀ  ਸਾਹਿਤ ਅਕਾਦਮੀ, ਦਿੱਲੀ ਵੱਲੋਂ ਸਾਲ 2008 ਦਾ ਆਪਣਾ ਵਕਾਰੀ ਪੁਰਸਕਾਰ ਮਿੱਤਰ ਸੈਨ ਮੀਤ ਦੇ ਨਾਵਲ 'ਸੁਧਾਰ ਘਰ' ਨੂੰ ਪ੍ਰਦਾਨ ਕਰਕੇ ਉਸ ਦਾ ਮਾਣ ਵਧਾਇਆ। ਇਸੇ ਸਾਲ ਹੀ ਭਾਰਤ ਸਰਕਾਰ ਦੇ 'ਪੁਲੀਸ ਰਿਸਰਚ ਐਂਡ ਡਿਵੈਲਪਮੈਂਟ ਬਿਓਰੋ' (ਗ੍ਰਹਿ ਵਿਭਾਗ) ਦਿੱਲੀ ਅਦਾਰੇ ਨੇ ਮੀਤ ਦੇ ਇਸ ਨਾਵਲ ਨੂੰ ਐਵਾਰਡ ਦੇ ਕੇ ਸਨਮਾਨਿਤ ਕੀਤਾ। ਇਹਨਾਂ ਤੋਂ ਬਿਨਾਂ ਹੋਰ ਵੀ ਕਈ ਸੰਸਥਾਵਾਂ ਵੱਲੋਂ ਸਮੇਂ ਸਮੇਂ ਉਸ ਦਾ ਸਨਮਾਨ ਕੀਤਾ ਹੈ। ਉਹ ਅੱਜ ਕੱਲ੍ਹ ਆਪਣੇ ਪਰਿਵਾਰ ਸਮੇਤ ਲੁਧਿਆਣਾ ਵਿਖੇ ਰਹਿ ਰਹੇ ਹਨ।



**ਭੋਲਾ ਸਿੰਘ ਸੰਘੇੜਾ**
ਸੰਪਰਕ : 9814787506

# "ਹਿੰਦ ਦੀ ਚਾਦਰ" ਸ਼੍ਰੀ ਗੁਰੂ ਤੇਗ ਬਹਾਦਰ

ਅੱਜ ਅਸੀਂ ਜਦੋਂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਯਾਦ ਕਰ ਰਹੇ ਹਾਂ ਤੇ ਉਸ ਅਦੁੱਤੀ ਤੇ ਬੇਮਿਸਾਲ ਸ਼ਹਾਦਤ ਬਾਰੇ ਕੁਝ ਲਿਖਣ ਦੀ ਹਿੰਮਤ ਕਰਦੇ ਹਾਂ ਤਾਂ ਉਸ ਦੇ ਮੇਚ ਦੇ ਸ਼ਬਦ ਕਿਧਰੇ ਨਹੀਂ ਲੱਭਦੇ। ਉਹਨਾਂ ਦੇ ਪੁੱਤਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦ:

ਧਰਮ ਹੇਤ ਸਾਕਾ ਜਿਨਿ ਕੀਆ॥<br>ਸੀਸੁ ਦੀਆ ਪਰੁ ਸਿਰਰੁ ਨ ਦੀਆ। ।

ਹੀ ਇਸ ਸਹਾਦਤ ਦੇ ਸਮਰੱਥ ਹੋ ਸਕਦੇ ਹਨ। ਕਿਉਂਕਿ ਦੁਨੀਆ ਭਰ ਵਿੱਚ ਕੋਈ ਅਜਿਹੀ ਮਿਸਾਲ ਨਹੀਂ ਲੱਭਦੀ, ਜਦੋਂ ਕਿਸੇ ਨੇ ਆਪਣੇ ਲਈ ਨਹੀਂ ਸਗੋਂ ਦੂਜਿਆਂ ਦੇ ਧਰਮ ਖਾਤਰ ਆਪਣਾ ਸੀਸ ਵਾਰਿਆ ਹੋਵੇ। ਇਤਿਹਾਸ ਅਨੁਸਾਰ ਕਸ਼ਮੀਰੀ ਪੰਡਤਾਂ ਨੇ ਜਦੋਂ ਪੰਡਤ ਕਿਰਪਾ ਰਾਮ ਦੀ ਅਗਵਾਈ ਵਿੱਚ ਆਨੰਦਪੁਰ ਸਾਹਿਬ ਆ ਕੇ ਗੁਰੂ ਸਾਹਿਬ ਨੂੰ ਇਹ ਦਾਸਤਾਂ ਸੁਣਾਈ ਕਿ ਔਰੰਗਜ਼ੇਬ ਦੀ ਹਕੂਮਤ ਵੱਲੋਂ ਉਹਨਾ ਦਾ ਜਬਰੀ ਧਰਮ ਪਰਿਵਰਤਨ ਕਰਵਾਇਆ ਜਾ ਰਿਹਾ ਹੈ ਤਾਂ ਗੁਰੂ ਸਾਹਿਬ ਨੇ ਕੁਝ ਸੋਚ ਕੇ ਕਿਹਾ ਕਿ ਇਸ ਲਈ ਕਿਸੇ ਮਹਾਨ ਪੁਰਖ ਦੀ ਦੇ ਬਲੀਦਾਨ ਦੀ ਲੋੜ ਹੈ! ਉਸ ਸਮੇਂ ਬਾਲ ਗੋਬਿੰਦ ਰਾਏ, ਜੋ ਕਿ ਉਸ ਸਮੇਂ ਸਿਰਫ ਨੌਂ ਵਰ੍ਹਿਆਂ ਦੇ ਸਨ , ਵੀ ਕੋਲ ਬੈਠੇ ਸਨ ਤੇ ਉਹਨਾਂ ਸਹਿਜ-ਸੁਭਾਅ ਹੀ ਕਹਿ ਦਿੱਤਾ ਕਿ ਆਪ ਤੋਂ ਵੱਡਾ ਮਹਾਤਮਾ ਕੌਣ ਹੋ ਸਕਦੈ? ਗੁਰੂ ਸਾਹਿਬ ਨੇ ਬਾਲ ਗੋਬਿੰਦ ਰਾਏ ਵੱਲ ਧਿਆਨ ਨਾਲ ਦੇਖਿਆ ਤੇ ਉਹਨਾਂ ਦੀ ਦੂਰਅੰਦੇਸ਼ੀ ਸੋਚ ਤੇ ਖੁਸ਼ ਵੀ ਹੋਏ ਤੇ ਕਸ਼ਮੀਰੀ ਪੰਡਿਤਾਂ ਨੂੰ ਉਹਨਾਂ ਦੇ ਧਰਮ ਦੀ ਰੱਖਿਆ ਕਰਨ ਦਾ ਭਰੋਸਾ ਵੀ ਦਿੱਤਾ।

ਆਪ ਦੇ ਸ਼ਬਦ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ। ।<br>ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ । ।

ਕਿ ਸਾਨੂੰ ਆਪ ਨਿਡਰ ਹੋ ਕੇ ਦੂਜਿਆਂ ਦੇ ਡਰ ਅਤੇ ਜੁਲਮ ਤੋਂ ਬਚਾਉਣ ਲਈ ਅੱਗੇ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਉਹਨਾਂ ਦੇ ਵਿਚਾਰ ਕਿ ਜਦੋਂ ਤੇਗ ਬਹਾਦਰ ਨੇ ਇਸਲਾਮ ਧਰਮ ਕਬੂਲ ਕਰ ਲਿਆ ਤਾਂ ਕਸ਼ਮੀਰ ਦੇ ਸਾਰੇ ਪੰਡਤ ਵੀ ਇਸਲਾਮ ਨੂੰ ਕਬੂਲ ਕਰ ਲੈਣਗੇ, ਔਰੰਗਜ਼ੇਬ ਤੱਕ ਪਹੁੰਚੇ ਤਾਂ ਉਸ ਦੇ ਹੁਕਮ ਤੇ ਗੁਰੂ



ਸਾਹਿਬ ਨੂੰ ਉਹਨਾਂ ਦੇ ਸਾਥੀਆਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਤੇ ਹੋਰ ਸਿੱਖਾਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ ਤੇ ਦਿੱਲੀ ਲਿਆਂਦਾ ਗਿਆ। ਆਪ ਨੂੰ ਕੋਈ ਚਮਤਕਾਰ ਕਰ ਕੇ ਦਿਖਾਉਣ ਜਾਂ ਇਸਲਾਮ ਕਬੂਲ ਕਰਨ ਦੇ ਹੁਕਮ ਸੁਣਾਏ ਗਏ ਤਾਂ ਆਪ ਨੇ ਦੋਹਾਂ ਤੋਂ ਇਨਕਾਰ ਕਰ ਦਿੱਤਾ। ਆਪ ਨੂੰ ਛੋਟੇ ਜਿਹੇ ਪਿੰਜਰੇ ਵਿੱਚ ਬੰਦ ਕਰ ਦਿੱਤਾ ਗਿਆ ਤੇ ਆਪ ਅੰਦਰ ਡਰ ਪੈਦਾ ਕਰਨ ਲਈ ਆਪ ਦੇ ਨਾਲ ਆਏ ਸਿੱਖਾਂ ਤੇ ਜੁਲਮ ਸ਼ੁਰੂ ਕਰ ਦਿੱਤੇ। ਭਾਈ ਮਤੀ ਦਾਸ ਨੂੰ ਆਪ ਦੇ ਸਾਹਮਣੇ ਆਰੇ ਨਾਲ ਚੀਰ ਦੋ-ਫਾੜ ਕਰ ਦਿੱਤਾ ਗਿਆ ਤੇ ਭਾਈ ਸਾਹਿਬ ਨੇ ਸ਼ੀ ਤੱਕ ਨਾਂ ਕਹੀ। ਉਸ ਤੋਂ ਬਾਅਦ ਬਾਈ ਦਿਆਲਾ ਜੀ ਨੂੰ ਇੱਕ ਵੱਡੀ ਦੇਗ ਵਿੱਚ ਉਬਲ਼ਦੇ ਪਾਣੀ ਵਿਚ ਸੁੱਟ ਸ਼ਹੀਦ ਕੀਤਾ ਗਿਆ ਤੇ ਭਾਈ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਕੇ ਅੱਗ ਲਗਾ ਦਿੱਤੀ ਗਈ। ਇਸ ਤਰ੍ਹਾਂ ਗੁਰੂ ਸਾਹਿਬ ਇਹਨਾਂ ਸ਼ਹੀਦੀਆਂ ਤੋਂ ਵੀ ਨਾਂ ਘਬਰਾਏ ਤੇ ਨਾਂ ਹੀ ਇਸਲਾਮ ਕਬੂਲ ਕੀਤਾ। ਅਸਲ ਵਿਚ ਆਪ ਜਾਣੀ-ਜਾਣ ਸਨ ਕਿ ਮਨੁੱਖ ਦੇ ਜੀਵਨ ਦਾ ਅੰਤ ਮੌਤ ਹੀ ਹੈ। ਇਸ ਨੇ ਆਉਣਾ ਹੀ ਹੈ ਤੇ ਕਿਸੇ ਮਹਾਨ ਕਾਰਜ ਲਈ ਕੁਰਬਾਨ ਹੋਣਾ ਉੱਤਮ ਹੁੰਦੈ। ਆਪ ਦੇ ਸ਼ਬਦ:

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥<br>ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ ॥

ਸਾਨੂੰ ਇਹੀ ਸਮਝਾਉਂਦੇ ਹਨ ਕਿ ਮਨੁੱਖ ਇਸ ਸੰਸਾਰ ਵਿੱਚ ਆ ਕੇ ਇਸ ਸੰਸਾਰ ਵਿੱਚ ਹੀ ਖਤਮ ਹੁੰਦਾ ਹੈ। ਇਸ ਲਈ ਸਾਨੂੰ ਬਹੁਤੀ ਚਿੰਤਾ ਨਹੀਂ ਕਰਨੀ ਚਾਹੀਦੀ। ਅਖੀਰ ਨੂੰ ਮੁਗਲ ਹਕੂਮਤ ਨੇ ਆਪ ਨੂੰ ਵੀ ਦਿੱਲੀ ਵਿਖੇ ਕੋਤਵਾਲੀ ਦੇ ਸਾਹਮਣੇ ਸਿਰ ਧੜ ਨਾਲੋਂ ਅਲੱਗ ਕਰ ਕੇ ਸ਼ਹੀਦ ਕਰ ਦਿੱਤਾ।

ਆਪ ਦੀ ਸ਼ਹਾਦਤ ਜਿੱਥੇ ਬਿਨਾਂ ਡਰ ਜਿਉਣ ਅਤੇ ਦੂਜਿਆਂ ਨੂੰ ਬਿਨਾਂ ਡਰ ਜਿਉਣ ਦੇਣ ਦੇ ਅਧਿਕਾਰਾਂ ਦੀ ਪ੍ਰਸੰਗਿਕ ਹੈ, ਉੱਥੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਖਾਤਰ ਦਿੱਤੀ ਬੇਮਿਸਾਲ ਸ਼ਹਾਦਤ ਵੀ ਹੈ। ਪਰ ਅੱਜ ਮਨੁੱਖੀ ਅਧਿਕਾਰਾਂ ਦਾ ਹੋ ਰਿਹਾ ਘਾਣ ਮੌਜੂਦਾ ਸਿਸਟਮ ਤੇ ਸਵਾਲੀਆ ਚਿੰਨ੍ਹ ਖੜਾ ਕਰਦਾ ਹੈ। ਅੱਜ ਵੀ ਧਾਰਮਿਕ ਕੱਟੜਤਾ ਮਨੁੱਖੀ ਬਲੀਆਂ ਲੈ ਰਹੀ ਹੈ। ਉਹ ਗੁਰੂ ਜਿਸ ਦੇ ਬਾਪ ਨੇ ਮੀਰੀ ਤੇ ਪੀਰੀ ਦਾ ਮਾਰਗ ਦੱਸਿਆ ਤੇ ਗੁਰੂ ਜੀ ਨੇ ਖੁਦ ਆਪਣੇ ਧਰਮ ਤੋਂ ਅੱਗੇ ਹੋ ਮਨੁੱਖਾ ਧਰਮ ਨੂੰ ਬਚਾਉਣ ਲਈ ਆਪਣੀ ਕੁਰਬਾਨੀ ਦਿੱਤੀ ਤੇ "ਹਿੰਦ ਦੀ ਚਾਦਰ" ਅਖਵਾਏ। ਉਹਨਾਂ ਕੁਰਬਾਨੀਆਂ ਦੀ ਐਸੀ ਚਿਣਗ ਲਗਾਈ, ਜੋ ਮੁਗਲ ਹਕੂਮਤ ਦਾ ਅੰਤ ਬਣੀ। ਸ਼ਾਇਦ ਅੱਜ ਅਸੀਂ ਉਹਨਾਂ ਦੀ ਕੁਰਬਾਨੀ ਨੂੰ ਭੁੱਲ ਗਏ ਜਾਪਦੇ ਹਾਂ। ਮੌਜੂਦਾ ਸਮੇਂ ਧਰਮ ਸੰਸਥਾਵਾਂ ਵੀ ਮਨੁੱਖਾ ਅਧਿਕਾਰਾਂ ਨੂੰ ਪਿੱਛੇ ਸੁੱਟ ਧਰਮ ਹੇਤ ਕੱਟੜਵਾਦ ਦੇ ਰਾਹ ਚੱਲਦਿਆਂ ਆਪਣੀ ਹਉਮੈ ਨੂੰ ਬੜਾਵਾ ਦੇ ਰਹੀਆਂ ਜਾਪਦੀਆਂ! ਅੱਜ ਲੋੜ ਹੈ ਸਾਨੂੰ ਆਪਣੀ ਇਸ ਹਉਮੈ, ਹੰਕਾਰ, ਈਰਖਾ, ਲਾਲਚ ਤੋਂ ਉੱਪਰ ਉੱਠ ਆਮ ਲੋਕਾਈ ਦੇ ਭਲੇ ਬਾਰੇ ਸੋਚਣ ਦੀ। ਫਿਰ ਹੀ ਸਾਨੂੰ ਉਹਨਾਂ ਦੀ ਅਦੁੱਤੀ ਤੇ ਬੇਮਿਸਾਲ ਸ਼ਹਾਦਤ ਨੂੰ ਸਜਦਾ ਕਰਨ ਦਾ ਹੱਕ ਹੈ, ਨਹੀਂ ਤਾਂ ਇਹ ਵਿਖਾਵੇ ਤੋਂ ਅਗਾਂਹ ਕੁਝ ਵੀ ਨਹੀਂ।



**ਬਲਵੀਰ ਸਿੰਘ ਬਾਸੀਆਂ**<br>**ਪਿੰਡ ਤੇ ਡਾਕ ਬਾਸੀਆਂ ਬੇਟ ( ਲੁਧਿ:)**<br>**8437600371**

# ਇਨਸਾਨੀਅਤ ਦਾ ਸੱਚਾ ਰੂਪ : ਡਾ. ਜਗਦੇਵ ਸਿੰਘ ਮਾਨ

**ਬਠਿੰਡੇ** ਜਿਲ੍ਹੇ ਦੇ ਪਿੰਡ ਯਾਤਰੀ ਦੇ ਰਹਿਣ ਵਾਲੇ ਬਹੁਤ ਹੀ ਨਿੱਘੇ ਸੁਭਾਅ ਦੇ ਮਾਲਕ 45 ਸਾਲਾਂ ਡਾ. ਜਗਦੇਵ ਸਿੰਘ ਮਾਨ ਅੱਜ ਸਿਰਫ਼ ਇਕ ਡਾਕਟਰ ਵਜੋਂ ਹੀ ਨਹੀਂ ਸਗੋਂ ਇਲਾਕੇ 'ਚ ਇਨਸਾਨੀਅਤ ਦੇ ਇਕ ਐਸੇ ਪ੍ਰਤੀਕ ਵਜੋਂ ਵੀ ਜਾਣੇ ਜਾਂਦੇ ਹਨ ਜੋ ਦਿਲ ਨੂੰ ਛੂਹਣ ਵਾਲੀ ਮੁਹਿੰਮ ਦੇ ਧੁਰੇ ਹਨ।

ਉਹ ਇੱਕ ਅਜਿਹਾ ਕੰਮ ਕਰ ਰਹੇ ਹਨ ਜੋ ਕਈ ਲੋਕ ਸੋਚ ਦੇ ਪੱਧਰ ’ਤੇ ਵੀ ਨਹੀਂ ਕਰ ਸਕਦੇ — ਬਾਂਦਰਾਂ ਲਈ ਦਿਨ-ਰਾਤ ਖੁਰਾਕ ਦਾ ਪ੍ਰਬੰਧ ਕਰਨਾ। ਜੋ ਸਿਰਫ਼ ਜਾਨਵਰਾਂ ਲਈ ਦਇਆ ਨਹੀਂ, ਬਲਕਿ ਕੁਦਰਤ ਅਤੇ ਪਿੰਡ ਦੇ ਸਮਾਜਿਕ ਸੰਤੁਲਨ ਦੀ ਰੱਖਿਆ ਵੀ ਹੈ।

ਡਾ. ਸਾਹਿਬ ਪੇਸ਼ੇ ਵਜੋਂ ਆਪਣੇ ਪਿੰਡ ਵਿੱਚ ਨਿੱਜੀ ਕਲੀਨਿਕ ਚਲਾਉਂਦੇ ਹਨ, ਪਰ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਦਾ ਇਕ ਅਟੁੱਟ ਹਿੱਸਾ ਹੈ ਨੇੜਲੇ ਪਿੰਡ ਜੋਧਪੁਰ ਪਾਖਰ ਦੀ ਨਹਿਰ ਦੇ ਕਿਨਾਰੇ ਰਹਿੰਦੇ ਬਾਂਦਰ।ਲਗਭਗ 10 ਕਿਲੋਮੀਟਰ ਦੂਰ ਹਜ਼ਾਰਾਂ ਬਾਂਦਰਾਂ ਦੇ ਇਹ ਝੁੰਡ ਜੋ ਦੋ ਸਾਲ ਪਹਿਲਾਂ ਭੁੱਖ ਅਤੇ ਕੰਗਾਲੀ ਵਿੱਚ ਜੀਅ ਰਹੇ ਸਨ। ਇਲਾਕੇ ਵਿੱਚ ਸਿਰਫ਼ ਕਿੱਕਰ ਦੇ ਰੁੱਖ ਹੋਣ ਕਾਰਨ ਉਨ੍ਹਾਂ ਨੂੰ ਕੁਝ ਖਾਣ ਯੋਗ ਨਾ ਮਿਲਦਾ ਅਤੇ ਭੁੱਖ ਦੇ ਮਾਰੇ ਇਹ ਕਈ ਵਾਰ ਪਿੰਡ ਦੇ ਖੇਤਾਂ ਵਿੱਚ ਫਸਲਾਂ ਨੂੰ ਨੁਕਸਾਨ ਪਹੁੰਚਾਉਂਦੇ।

ਇਨ੍ਹਾਂ ਦੀ ਭੁੱਖ ਅਤੇ ਲਾਚਾਰੀ ਨੂੰ ਮਹਿਸੂਸ ਕਰਦਿਆਂ ਡਾ. ਮਾਨ ਨੇ ਦਿਲੀ ਇਹ ਫੈਸਲਾ ਕੀਤਾ ਕਿ ਰੋਜ਼ ਇਨ੍ਹਾਂ ਲਈ ਫਲ,ਸਬਜ਼ੀਆਂ, ਬਿਸਕੁਟ ਅਤੇ ਹੋਰ ਸਮਗਰੀ ਦੇ ਕੇ ਆਉਣਗੇ। ਸ਼ੁਰੂਆਤੀ ਦਿਨਾਂ ਵਿੱਚ





ਕੁਝ ਲੋਕ ਇਸ ਮੁਹਿੰਮ ਦੇ ਵਿਰੋਧੀ ਵੀ ਹੋਏ, ਪਰ ਸਮੇਂ ਦੇ ਨਾਲ ਉਹੀ ਲੋਕ ਇਸ ਦੇ ਅਸਲ ਫਾਇਦੇ ਨੂੰ ਸਮਝਣ ਲੱਗ ਪਏ। ਜਿਵੇਂ ਹੀ ਬਾਂਦਰਾਂ ਨੂੰ ਰੋਜ਼ਾਨਾ ਖੁਰਾਕ ਮਿਲਣੀ ਸ਼ੁਰੂ ਹੋਈ, ਖੇਤਾਂ ਦੀ ਉਜਾੜ ਘੱਟ ਗਈ, ਪਿੰਡ ਦੀ ਰੋਜ਼ਮਰ੍ਹਾ ਸ਼ਾਂਤੀ ਮੁੜ ਕਾਇਮ ਹੋ ਗਈ ਜਿਸ ਨਾਲ ਆਪਸੀ ਸਾਂਝ ਵੀ ਮਜ਼ਬੂਤ ਹੋ ਗਈ।

ਡਾ. ਮਾਨ ਦੇ ਇਸ ਨੇਕੀ ਭਰੇ ਕੰਮ ਦੇ ਸਨਮੁੱਖ ਪਿੰਡ ਦੇ ਲੋਕ ਵੀ ਪ੍ਰੇਰਿਤ ਹੋਏ। ਹੁਣ ਕਈ ਘਰਾਂ ਤੋਂ ਲੋਕ ਵੀ ਦਾਨ ਵਜੋਂ ਫ਼ਲ ਅਤੇ ਹੋਰ ਖੁਰਾਕੀ ਵਸਤਾਂ ਦੇਣ ਲੱਗ ਪਏ। ਜਿਸ ਨਾਲ ਇਕ ਸਾਂਝੀ ਸਮਾਜਿਕ ਜ਼ਿੰਮੇਵਾਰੀ ਦਾ ਭਾਵ ਵੀ ਉਜਾਗਰ ਹੋਇਆ।

ਕਾਬਿਲੇ-ਗੌਰ ਹੈ ਕਿ ਡਾ. ਮਾਨ ਦੀ ਦਇਆ ਸਿਰਫ਼ ਬਾਂਦਰਾਂ ਤੱਕ ਹੀ ਸੀਮਿਤ ਨਹੀਂ ਹੈ। ਉਹ ਆਪਣੇ ਪਿੰਡ ਵਿੱਚ ਪੰਛੀਆਂ ਦੇ ਲਈ ਵੀ ਬਹੁਤ ਸਾਰੇ ਰੈਣ-ਬਸੇਰੇ (ਆਲ੍ਹਣੇ) ਲਗਾ ਚੁੱਕੇ ਹਨ। ਇਹ ਆਲ੍ਹਣੇ ਸਿਰਫ਼ ਲੱਕੜ ਜਾਂ ਮਿੱਟੀ ਦੀ ਬਣਤਰ ਨਹੀਂ, ਬਲਕਿ ਇੱਕ ਸੰਦੇਸ਼ ਹਨ ਕਿ ਜਿਸ ਧਰਤੀ ਨੇ ਸਾਨੂੰ ਜੀਵਨ ਦਿੱਤਾ ਹੈ, ਉਸ ਨਾਲ ਸਾਡਾ ਜੀਵੰਤ ਰਿਸ਼ਤਾ ਬਣਿਆ ਰਹਿਣਾ ਚਾਹੀਦਾ ਹੈ। ਇਸ ਤੋਂ ਇਲਾਵਾ ਖ਼ੂਨ ਦਾਨ ਕੈਂਪ ਅਤੇ ਸਮਾਜਿਕ ਭਲਾਈ ਦੇ ਕਾਰਜਾਂ 'ਚ ਵੀ ਉਹ ਅਕਸਰ ਹਿੱਸਾ ਲੈਂਦੇ ਰਹਿੰਦੇ ਹਨ। ਜਿਸ ਵਿਚ ਉਨ੍ਹਾਂ ਦੇ ਘਰਦੇ ਅਤੇ ਬੱਚੇ ਪੂਰਾ ਸਾਥ ਦੇ ਰਹੇ ਹਨ।

ਡਾ. ਜਗਦੇਵ ਸਿੰਘ ਮਾਨ ਦੀ ਇਹ ਮਨੁੱਖਤਾਵਾਦੀ ਪਹਿਲ ਸਾਨੂੰ ਸਿੱਖ ਦਿੰਦੀ ਹੈ ਕਿ ਇਨਸਾਨੀਅਤ ਸਿਰਫ਼ ਮਨੁੱਖਾਂ ਤੱਕ ਸੀਮਿਤ ਨਹੀਂ ਹੁੰਦੀ। ਜਾਨਵਰਾਂ,ਪੰਛੀਆਂ ਅਤੇ ਹਰੇਕ ਜੀਊਂਦੇ ਪ੍ਰਾਣੀ ਦੇ ਅਧਿਕਾਰ ਨੂੰ ਸਮਝਣਾ ਅਤੇ ਇੱਜ਼ਤ ਦੇਣਾ ਹੀ ਇਕ ਸੱਚੇ ਇਨਸਾਨ ਦੀ ਪਛਾਣ ਹੁੰਦੀ ਹੈ। ਉਨ੍ਹਾਂ ਦੀ ਇਹ ਅਦਭੁੱਤ ਸੇਵਾ ਸਾਨੂੰ ਵਿਸ਼ਵਾਸ ਦਿਵਾਉਂਦੀ ਹੈ ਕਿ ਜੇ ਇਕ ਵਿਅਕਤੀ ਚਾਹੇ ਤਾਂ ਪੂਰੇ ਸਮਾਜ ਨੂੰ ਬਦਲਣ ਦਾ ਜਜ਼ਬਾ ਜਗਾ ਸਕਦਾ ਹੈ।

ਡਾ. ਮਾਨ ਦਾ ਇਹ ਕੰਮ ਸਾਨੂੰ ਯਾਦ ਦਿਵਾਉਂਦਾ ਹੈ ਕਿ ਦਿਲ ਦੀ ਦੌਲਤ ਹੀ ਅਸਲ ਦੌਲਤ ਹੈ ਅਤੇ ਉਹ ਇਸ ਦੌਲਤ ਦੇ ਮਾਲਕ ਹਨ।



**ਬਲਦੇਵ ਸਿੰਘ ਬੇਦੀ**<br>**ਜਲੰਧਰ**

ਜੈ ਭੀਮ ਜੈ ਭਾਰਤ



ਬਹੁਜਨ ਸਮਾਜ ਪਾਰਟੀ ਫਿਰੋਜ਼ਪੁਰ
ਵੱਲੋਂ:-
ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀ-ਨਿਰਵਾਣ ਦਿਵਸ ਨੂੰ ਸਮਰਪਿਤ ਇਸਤਰੀ ਚੇਤਨਾ ਸੰਮੇਲਨ ਮੌਕੇ ਪਹੁੰਚਣ ਲਈ ਆਪ ਜੀ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।
ਮਿਤੀ 06.12.2025, ਸਮਾਂ 11.30 ਸਵੇਰੇ
ਸਥਾਨ :- ਸਰਕਟ ਹਾਊਸ, ਮੋਗਾ ਰੋਡ, ਫਿਰੋਜ਼ਪੁਰ

ਮੁੱਖ ਮਹਿਮਾਨ
ਬੀਬੀ ਹਰਜਿੰਦਰ ਕੌਰ ਕਰੀਮਪੁਰੀ
ਸੀਨੀਅਰ ਇਸਤਰੀ ਆਗੂ, ਬਸਪਾ ਪੰਜਾਬ

ਮੁੱਖ ਬੁਲਾਰਾ
ਪ੍ਰਿੰਸੀਪਲ ਚੰਚਲ ਬੋਧ
M.A. (Eng., History, Pbi., Adm., M.ed)

ਵਿਸ਼ੇਸ਼ ਮਹਿਮਾਨ
ਸ: ਲਾਲ ਸਿੰਘ ਸੁਲਹਾਣੀ
ਜਨਰਲ ਸਕੱਤਰ ਬਸਪਾ, ਪੰਜਾਬ

ਸ੍ਰੀ ਓਮ ਪ੍ਰਕਾਸ਼ ਸਰੋਏ
ਜਨਰਲ ਸਕੱਤਰ ਬਸਪਾ, ਪੰਜਾਬ

ਪ੍ਰਧਾਨਗੀ- ਸ੍ਰੀਮਤੀ ਸੁਨੀਤਾ ਸਰੋਆ (ਕਨਵੀਨਰ ਇਸਤਰੀ ਵਿੰਗ, ਬਸਪਾ ਜ਼ਿਲ੍ਹਾ ਫਿਰੋਜ਼ਪੁਰ)
ਵੱਲੋਂ
ਅਸ਼ੋਕ ਕਪਤਾਨ
ਜ਼ਿਲ੍ਹਾ ਪ੍ਰਧਾਨ ਬਸਪਾ, ਫਿਰੋਜ਼ਪੁਰ

ਸੁਖਦੇਵ ਸਿੰਘ ਭੱਟੀ
ਜ਼ਿਲ੍ਹਾ ਜਨਰਲ ਸਕੱਤਰ ਬਸਪਾ, ਫਿਰੋਜ਼ਪੁਰ

ਪ੍ਰਬੰਧਕ
ਜ਼ਿਲ੍ਹਾ ਕਨਵੀਨਰ :- ਐਡਵੋਕੇਟ ਐਮ.ਐਸ. ਖੋਖਰ, ਕੁਲਦੀਪ ਸਿੰਘ ਬਰਾੜ, ਤਾਰਾ ਸਿੰਘ ਮਾਰਸ਼ਲ
ਸਵਾਗਤੀ ਕਮੇਟੀ
ਹਰਬੰਸ ਸਿੰਘ ਸਾਂਦੇ, ਬੂਟਾ ਸਿੰਘ ਵਾਹਗੇ ਵਾਲਾ, ਪ੍ਰੇਮ ਭਾਰਤੀ, ਯੂਨਿਸ ਭੱਟੀ, ਹਦਾਇਤ ਵਾਲਮੀਕਿ, ਸਰਵਣ ਸਿੰਘ ਪੀਰਾਂ ਵਾਲਾ, ਡਾ. ਬਲਵਿੰਦਰ ਸਿੰਘ ਕੋਟ ਕਰੋੜ, ਮਲਕੀਅਤ ਸਿੰਘ ਚੌਹਾਨ
ਸੰਪਰਕ:- 70093-04224, 94637-83375
84373-92428, 98144-41121, 94651-87027


# ਹਿੰਦ ਦੀ ਚਾਦਰ.....

ਹਿੰਦ ਦੀ ਚਾਦਰ ਸਤਿਗੁਰਾਂ,
ਧਰਤੀ ਤੇ ਜਦੋਂ ਪੈਰ ਸੀ ਪਾਏ।
ਗੁਰੂ ਤੇਗ ਬਹਾਦੁਰ ਸਿਮਰਿਐ,
ਘਰਿ ਨਉ ਨਿਧਿ ਆਵੈ ਧਾਇ।
ਚਿੱਤ ਲਾ ਕੇ ਧੁਰ ਦਾਤਾਰ ਨਾਲ਼,
ਹਰ ਵੇਲੇ ਨਾਮ ਉਚਾਰਦੇ।
ਦੁੱਖ ਦੱਲਿਦਰ ਦੂਰ ਕਰਕੇ,
ਦੁਖੀਆਂ ਨੂੰ ਸੀ ਉਹ ਤਾਰਦੇ।
ਉਹ ਆਪ ਰੂਪ ਪਰਮੇਸ਼ਵਰ,
ਛੇਵੀਂ ਪਾਤਸ਼ਾਹੀ ਜੀ ਜਾਏ।
ਗੁਰੂ ਤੇਗ ਬਹਾਦੁਰ...
ਬੈਠੇ ਓਹ ਭੋਰੇ ਵਿੱਚ ਲਾ ਡੇਰੇ,
ਇਕਮਿਕ ਹੋਏ ਕਰਤਾਰ ਨਾਲ਼।
ਬਾਬਾ ਬਕਾਲਾ ਲੱਭਦੇ ਸਿੱਖ,
ਸ਼ਰਧਾ ਤੇ ਸਤਿਕਾਰ ਨਾਲ਼।
ਤ੍ਰਾਹ-ਤ੍ਰਾਹ ਕਰਦੀ ਲੋਕਾਈ,
ਜਦ ਜ਼ੁਲਮ ਸੀ ਮੁਗਲਾਂ ਢਾਏ।
ਗੁਰੂ ਤੇਗ ਬਹਾਦੁਰ....
ਮੱਖਣ ਸ਼ਾਹ ਸੁੱਖਣਾ ਸੁੱਖ ਕੇ,
ਭੁੱਲਿਆ ਸੀ ਭਟਕਿਆ ਦਰ ਤੇ।
ਬਾਕੀ ਮੋਹਰਾਂ ਕਿੱਥੇ ਹਨ?
ਪੁੱਛਿਆ ਸੀ ਗੁਰਾਂ,ਹੱਥ ਫੜ ਕੇ।
ਗੁਰੂ ਲਾਧੋ ਰੇ, ਗੁਰੂ ਲਾਧੋ ਰੇ,
ਮੱਖਣ ਸ਼ਾਹ ਫ਼ੇਰ ਰੌਲ਼ਾ ਪਾਏ।
ਗੁਰੂ ਤੇਗ ਬਹਾਦੁਰ...




**ਮਨਜੀਤ ਕੌਰ ਧੀਮਾਨ,**
**ਸ਼ੇਰਪੁਰ, ਲੁਧਿਆਣਾ।**
**ਸੰ:9464633059**


# ਸਿੱਖੀ ਸਿਦਕ

ਔਰਗਜ਼ੇਬ ਨੂੰ ਉਸ ਦੇ ਹੰਕਾਰ ਨੇ ਵੰਗਾਰ ਸੀ ਪਾਈ
ਸੱਚਾ ਮੁਸਲਮਾਨ ਹੋਣ ਦੀ ਪਾਉਂਦਾ ਫਿਰੇ ਦੁਹਾਈ।

ਜ਼ੁਲਮ ਤੇ ਜਬਰ ਤੋਂ ਲੋਕਾਈ ਤ੍ਰਾਸ ਤ੍ਰਾਸ ਸੀ ਕਰਦੀ
ਮੌਤ ਇੱਕ ਵਾਰ ਮਾਰਦੀ ਦੁਨੀਆਂ ਰੋਜ਼ ਫਿਰੇ ਮਰਦੀ॥

ਔਰੰਗਜ਼ੇਬ ਨੇ ਧਰਮ ਪਰਿਵਰਤਨ ਦੀ ਹਨੇਰੀ ਸੀ ਝੁਲਾਈ
ਮੰਦਰਾਂ ਦੇ ਟੱਲ੍ਹ ਭੰਨ ਮੂਰਤੀਆਂ ਖੰਡਿਤ ਕਰ ਨਫ਼ਰਤ ਫ਼ੈਲਾਈ।

ਕੱਟੜਤਾ ਵਿੱਚ ਔਰਗਜ਼ੇਬ ਦਾ ਨਹੀਂ ਸੀ ਕੋਈ ਸਾਨੀ
ਜੱਗਦੀਆਂ ਅਖੰਡ ਜੋਤਾਂ ਧੱਕੇ ਨਾਲ ਬੁੱਝਵਾਏ ਕਰੇ ਮਨਮਾਨੀ।

ਕਸ਼ਮੀਰੀ ਪੰਡਤਾਂ ਨੇ ਕਿਰਪਾ ਰਾਮ ਨੂੰ ਆਗੂ ਬਣਾਇਆ
ਰਲ ਸਾਰਿਆਂ ਗੁਰੂ ਤੇਗ ਬਹਾਦੁਰ ਸਾਹਿਬ ਦਾ ਦਰ ਖੜਕਾਇਆ।

ਹੱਥ ਬੰਨ੍ਹ ਦੀਨ ਧਰਮ ਬਚਾਉਣ ਦੀ ਅਰਜ਼ ਗੁਜ਼ਾਰੀ
ਗੁਰੂ ਜੀ ਫੁਰਮਾਉਂਦੇ ਮਹਾਂਪੁਰਖ ਕੋਈ ਕੁਰਬਾਨੀ ਦੀ ਕਰੇ ਤਿਆਰੀ॥

ਸੁਣ ਬੋਲ ਭਾਰੇ ਚਾਰੇ ਪਾਸੇ ਸੰਨਾਟਾ ਸੀ ਛਾਇਆ
ਗੁਰੂ ਸਾਹਿਬ ਤੁਹਾਡੇ ਤੋਂ ਵੱਡਾ ਕੌਣ ਆਖੇ ਮਾਤਾ ਗੁਜ਼ਰੀ ਦਾ ਜਾਇਆ।

ਉੱਤਰ ਸੁਣ ਗੁਰੂ ਸਾਹਿਬ ਮੁਸਕਰਾਏ ਭੋਰਾ ਨਾ ਘਬਰਾਏ
ਸੀਸ ਧਰਮ ਦੀ ਖ਼ਾਤਰ ਵਾਰਨ ਓਹ ਖੁੱਦ ਸੀ ਅੱਗੇ ਆਏ॥

ਸੁਣ ਮੁਖ਼ਬਰਾਂ ਕੋਲੋਂ ਔਰਗਜ਼ੇਬ ਦਾ ਪਾਰਾ ਅਸਮਾਨੀ ਚੜ੍ਹਿਆਂ
ਭੇਜੇ ਸਿਪਾਹੀ ਤੇ ਜਾ ਚਾਰ ਤੱਖਤਾਂ ਦੇ ਮਾਲਕ ਨੂੰ ਫੜਿਆਂ।

ਦਿੱਲੀ ਅੰਦਰ ਭਾਈ ਮਤੀਦਾਸ ਨੂੰ ਆਰੇ ਨਾਲ ਚੀਰ ਕਹਿਰ ਵਰਤਾਇਆ
ਭਾਈ ਸਤੀਦਾਸ ਜੀ ਨੂੰ ਲਪੇਟ ਨਾਲ ਰੂੰ ਸੀ ਲਾਂਬੂ ਲਾਇਆ॥

ਭਾਈ ਦਿਆਲਾ ਜੀ ਨੂੰ ਜਿਉਂਦੇ ਦੇਗੇ ਵਿੱਚ ਉਬਾਲਿਆ
ਜਾਨ ਵਾਰ ਦਿੱਤੀ ਯੋਧਿਆਂ ਸਿੱਖੀ ਸਿਦਕ ਸੰਭਾਲਿਆਂ ।

ਜੱਲਾਦਾਂ ਦੇ ਤਸੀਹੇ ਗੁਰੂ ਸਾਹਿਬ ਜਾਂਦੇ ਤਨ ਤੇ ਹੰਢਾਈ
ਵਾਰ ਸੀਸ ਚਾਂਦਨੀ ਚੌਕ ਗੁਰੂ ਸਾਹਿਬ ਸ਼ਹਾਦਤ ਪਾਈ॥

ਭਾਈ ਜੈਤੋਂ ਗੁਰੂ ਸਾਹਿਬ ਦਾ ਸੀਸ ਦਸਮ ਪਿਤਾ ਪਾਸ ਜਾ ਪਹੁੰਚਾਇਆਂ
ਲੱਖੀ ਸ਼ਾਹ ਵਣਜਾਰੇ ਧੜ ਦਾ ਸਣੇ ਰੈਣ ਬਸੇਰੇ ਸੰਸਕਾਰ ਕਰਾਇਆ।

ਔਰਗਜ਼ੇਬ ਦੇ ਮਨਸੂਬਿਆਂ ਨੂੰ ਗੁਰੂ ਸਾਹਿਬ ਮਿੱਟੀ ਮਿਲਾਇਆ
ਚਮਤਕਾਰ ਨੂੰ ਕੋਰੀ ਨਾਂਹ,ਨਿਡਰ ਹੋ ਈਮਾਨ ਕਮਾਇਆ॥




**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ**
**ਪੰਜਾਬ।**


# ਇੱਕ ਧੀ ਦੇ ਦਿਲ ਦੀ ਗੱਲ ਆਪਣੇ ਬਾਪ ਨੂੰ

ਧੀ ਨਹੀਂ ਪੁੱਤਾਂ ਵਾਂਗੂ ਰੱਖਿਆ,
ਮੈਥੋਂ ਆਪਣਾ ਦੁੱਖ ਜਾਂਦਾ ਕਦੇ ਨਾ ਦੱਸਿਆ,
ਜਿਸਦੇ ਸਹਾਰੇ ਮੈ ਜਿਉਂਦੀ ਆ,
ਮੈ ਉਸ ਦੀ ਲਾਡੋ ਕਹਾਉਂਦੀ ਆ,
ਸੁਪਨਾ ਮੇਰਾ ਓਹਨੇ ਕਦੇ ਕੋਈ ਨਾ ਤੋੜਿਆ,
ਭਾਵੇਂ ਕੋਲ ਕੁਝ ਨਹੀ, ਪਰ ਮੈਨੂੰ ਕਦੇ ਖਾਲੀ ਨਹੀਂ ਮੋੜਿਆ,
ਰਾਜਕੁਮਾਰੀਆਂ ਵਾਂਗੂ ਸਾਨੂੰ ਪਾਲਦਾ ਏ,
ਮੇਰੇ ਦਿਲ ਦੀ ਗੱਲ ਸਿਰਫ ਓਹੀ ਜਾਂਦਾ ਏ।
ਹੁੰਦੀ ਧੀ ਜਦ ਵੱਡੀ ਓਹਦੀ ਟੈਨਸ਼ਨ ਵੱਧ ਜਾਂਦੀ,
ਧੀਆਂ ਹੁੰਦੀਆਂ ਪਰਦੇਸਣਾ ਇਹੋ ਗੱਲ ਚਿੱਤ ਨੂੰ ਖਾਂਦੀ,
ਪਾਲ ਸਾਨੂੰ ਫਿਰ ਆਪਣੇ ਹੱਥੀਂ ਹੀ ਤੋਰਦਾ ਏ,
ਫਿਰ ਕਹਿੰਦਾ ਧੀਏ ਜਾ ਆਪਣੇ ਘਰ ਤੂੰ ਓਹਨੂੰ ਵੀ ਜੋੜਨਾ ਏ,
ਚੰਗੇ ਘਰ ਨਾ ਮਿਲਨ ਇਸੇ ਗੱਲ ਤੋਂ ਡਰਦਾ ਏ,
ਆਪਣੇ ਜਿਗਰ ਦਾ ਟੁਕੜਾ ਬਹੁਤ ਔਖਾ ਹੋਕੇ ਦੂਰ ਕਰਦਾ ਏ,
ਓਹਦੇ ਜਿਹਾ ਪਿਆਰ ਕੀਤੇ ਨਹੀਂ ਮਿਲਣਾ,
ਚਾਹਵਾਂ ਮੈ ਤੇਰੇ ਘਰ ਦੀ ਧੀ ਬਣ ਦੁਬਾਰਾ ਖਿਲਣਾ।
"ਪ੍ਰੀਤ ਬ੍ਰਹਮ" ਦੀ ਇੱਕੋ ਅਰਦਾਸ,
ਹਰ ਧੀ ਦਾ ਪਿਓ ਰਹੇ ਓਹਦੇ ਪਾਸ,
ਕਿਉਂਕਿ ਉਸ ਤੋਂ ਬਗੈਰ ਸਾਰੇ ਸ਼ੌਂਕ ਮਰ ਜਾਂਦੇ,
ਉਹ ਹੋਰ ਕੋਈ ਨਹੀਂ ਕਰ ਸਕਦਾ ਜੋ ਪਿਓ ਕਰ ਜਾਂਦੇ,
ਜੋ ਪਿਉ ਕਰ ਜਾਂਦੇ।




**ਸੁਖਮਨਪ੍ਰੀਤ ਕੌਰ**
**ਪਿੰਡ: ਤਿੰਮੋਵਾਲ, ਜਿਲ੍ਹਾ: ਅੰਮ੍ਰਿਤਸਰ**
**ਮੋ. ਨੰ: 8194923631**

# ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ ਦੀ ਸਰਬਸੰਮਤੀ ਨਾਲ ਚੋਣ ਹੋਈ

## ਮੁੱਖ ਚੋਣਕਾਰ ਅਫਸਰ ਸ੍ਰੀ ਰਾਮ ਪਾਲ ਰਾਹੀ ਯੂ.ਕੇ. ਹਾਜ਼ਰ ਹੋਏ













**ਜਲੰਧਰ (ਪਰਮਜੀਤ ਜੱਸਲ)-ਪੰਜਾਬ** ਬੁੱਧਿਸਟ ਸੁਸਾਇਟੀ (ਰਜਿ) ਪੰਜਾਬ ਦੇ ਇਜਲਾਸ ਵਿੱਚ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ ।ਜਿਸ 'ਚ ਐਡਵੋਕੇਟ ਹਰਭਜਨ ਸਾਂਪਲਾ ਨੂੰ ਪ੍ਰਧਾਨ, ਸ੍ਰੀ ਸਤੀਸ਼ ਕੁਮਾਰ ਲਾਲ (ਨਵਾਂ ਸ਼ਹਿਰ) ਉਪ ਪ੍ਰਧਾਨ, ਸ੍ਰੀ ਮਨੋਜ ਕੁਮਾਰ (ਐਸ.ਡੀ.ਓ.) ਜਨਰਲ ਸਕੱਤਰ, ਸ਼੍ਰੀ ਰਾਮਦਾਸ ਗੁਰੂ ਖਜ਼ਾਨਚੀ ,ਅਤੇ ਐਡਵੋਕੇਟ ਅਰੁਣ ਕੁਮਾਰ ,ਐਡਵੋਕੇਟ ਕਮਲਜੀਤ ਫਗਵਾੜਾ ਅਤੇ ਮਨਜੀਤ ਸਿੰਘ ਜਲੰਧਰ ਨੂੰ ਨਵੇਂ ਐਗਜੈਕਟਿਵ ਮੈਂਬਰ ਚੁਣਨ ਨਾਲ, ਸਾਰੇ ਪਿਛਲੀ ਕਮੇਟੀ ਦੇ ਅਹੁਦੇਦਾਰਾਂ ਨੂੰ ਅਗਲੇ 2 ਸਾਲਾਂ ਵਾਸਤੇ ਸਰਬਸੰਮਤੀ ਨਾਲ ਚੁਣ ਲਿਆ ਗਿਆ। ਇਸ ਚੋਣ ਦੀ ਪ੍ਰਕਿਰਿਆ ਨੂੰ ਸੁਚਾਰੂ ਰੂਪ ਨਾਲ ਕਰਵਾਉਣ ਲਈ ਤਿੰਨ ਮੈਂਬਰੀ ਚੋਣ ਕਮੇਟੀ ਨੇ ਬਹੁਤ ਵਧੀਆ ਯੋਗਦਾਨ ਕੀਤਾ। ਸ੍ਰੀ ਰਾਮ ਪਾਲ ਰਾਹੀ ਪ੍ਰਧਾਨ ਫੈਬੋ ਅਤੇ ਪੰਜਾਬ ਬੁੱਧਿਸਟ ਸੋਸਾਇਟੀ ,(ਯੂ.ਕੇ.) ਇੰਗਲੈਂਡ ਪ੍ਰਮੁੱਖ ਚੋਣ ਅਫਸਰ, ਪ੍ਰਿੰਸੀਪਲ ਪਰਮਜੀਤ ਜੱਸਲ ਅਤੇ ਡਾ. ਗੁਰਪਾਲ ਚੌਹਾਨ ਚੋਣ ਅਫਸਰਾਂ ਨੇ ਮਿਲ ਕੇ ਸਭ ਦੀ ਸਹਿਮਤੀ ਨਾਲ ਪਹਿਲੀ ਕਮੇਟੀ ਦੇ ਅਹੁਦੇਦਾਰਾਂ ਨੂੰ ਅਗਲੇ 2 ਸਾਲਾਂ ਵਾਸਤੇ ਚੁਣ ਲਿਆ। ਸ਼੍ਰੀ ਰਾਮ ਪਾਲ ਰਾਹੀ ਯੂ.ਕੇ. ਨੇ ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਅਤੇ ਸਾਰੇ ਚੁਣੇ ਅਹੁਦੇਦਾਰਾਂ ਨੂੰ ਵਧਾਈ ਦਿੱਤੀ। ਉਹਨਾਂ ਇਹ ਵੀ ਕਿਹਾ ਕਿ ਚੁਣੇ ਗਏ ਅਹੁਦੇਦਾਰ ਪਹਿਲਾਂ ਨਾਲੋਂ ਵੀ ਵੱਧ ਕੰਮ ਕਰਨਗੇ ਅਤੇ ਤਥਾਗਤ ਬੁੱਧ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਮਿਸ਼ਨ ਨੂੰ ਫੈਲਾਉਣ ਲਈ ਦਿਨ ਰਾਤ ਮਿਹਨਤ ਕਰਨਗੇ ਅਤੇ ਭਿਖਸ਼ੂ ਸੰਘ ਦਾ ਸਹਿਯੋਗ ਕਰਨਗੇ। ਸੋਸਾਇਟੀ ਦੀ ਚੋਣ ਉਪਰੰਤ ਭੰਤੇ ਗਿਆਨੇਸ਼ਵਰ ,ਸ੍ਰੀ ਧੰਨਪਤ ਰੱਤੂ (ਯੂ.ਕੇ.), ਸ੍ਰੀ ਰਤਨ ਲਾਲ ਸਾਂਪਲਾ ਯੂ.ਕੇ. ਅਤੇ ਸ੍ਰੀ ਮਦਨ ਸਰੋਆ (ਯੂ.ਕੇ.) ਨੂੰ 2 ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਉਹਨਾਂ ਦੁਆਰਾ ਸਮਾਜ ਵਿੱਚ ਪਾਏ ਗਏ ਯੋਗਦਾਨ ਨੂੰ ਯਾਦ ਕੀਤਾ ਗਿਆ। ਇਸ ਉਪਰੰਤ ਐਡਵੋਕੇਟ ਹਰਭਜਨ ਸਾਂਪਲਾ ਨੇ ਪਿਛਲੀ ਕਮੇਟੀ ਵੱਲੋਂ ਕੀਤੇ ਗਏ ਮਹੱਤਵਪੂਰਨ ਕੰਮਾਂ ਦੀ ਰਿਪੋਰਟ ਪੇਸ਼ ਕੀਤੀ ਅਤੇ ਨਵੀਂ ਕਮੇਟੀ ਦੀ ਚੋਣ ਲਈ ਸਾਰੇ ਹੱਕ ਚੋਣਕਾਰ ਕਮੇਟੀ ਨੂੰ ਸੌਂਪ ਦਿੱਤੇ। ਸਾਰੇ ਹਾਜ਼ਰ ਮੈਂਬਰਾਂ ਨੇ ਰਿਪੋਰਟ ਨੂੰ ਸਵੀਕਾਰ ਕੀਤਾ ਅਤੇ ਪਾਸ ਕੀਤੀ ਗਈ ਨਵੀਂ ਕਮੇਟੀ ਨੇ ਬਾਅਦ 'ਚ ਭੰਤੇ ਪ੍ਰਗਿਆ ਬੋਧੀ ਜੀ ਤੋਂ ਅਸ਼ੀਰਵਾਦ ਲਿਆ। ਨਵੀਂ ਕਮੇਟੀ ਨੇ ਪ੍ਰਣ ਲਿਆ ਕਿ ਬੋਧ ਗਯਾ ਮੁਕਤੀ ਅੰਦੋਲਨ 'ਚ ਆਪਣਾ ਬਣਦਾ ਯੋਗਦਾਨ ਪਾਉਣ ਲਈ ਹਮੇਸ਼ਾ ਤੱਤਪਰ ਰਹੇਗੀ।